ਜਿਲਦ : 47 • ਅੰਕ : 01 • 1 ਤੋਂ 15 ਜਨਵਰੀ 2020 • (₹ 8.00)

Delhi Postal Regd. No. : G-3/DL(N)/143/2018-20
Licence No. U(DN)-12/2018-20
Licenced to Post without Pre-payment

# ਏਕ ਨਜ਼ਰ

(Ek Nazar Punjabi Vol. 47, No. 01 (1 -15 JANUARY 2020)
(ਹਿੰਦੀ ਅਤੇ ਮਰਾਠੀ ਵਿੱਚ ਵੀ ਪ੍ਰਕਾਸ਼ਿਤ)

| ਚੰਦਾ | 1 ਸਾਲ | 3 ਸਾਲ | 5 ਸਾਲ | 11 ਸਾਲ |
|---|---|---|---|---|
| ਭਾਰਤ / ਨੇਪਾਲ | ₹150 | ₹400 | ₹700 | ₹1500 |
| ਯੂ.ਕੇ. | £15 | £40 | £70 | £150 |
| ਯੂਰਪ | €20 | €55 | €95 | €200 |
| ਅਮਰੀਕਾ | $25 | $70 | $120 | $250 |
| ਕਨਾਡਾ /ਆਸਟ੍ਰੇਲੀਆ | $30 | $85 | $140 | $300 |

ਨੋਟ : ਹੋਰ ਦੇਸ਼ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ ਦੇਣਗੇ

Regd.No. 25731/73, Posted at NDPSO, Prescribed Dates : 2nd-3rd, 17th -18th, Dates of Publication 1st & 15th, Pages - 8

## ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਕਲਿਆਣ ਯਾਤਰਾ

# ਅਨੇਕਤਾ ਦੇ ਬਾਵਜੂਦ ਖ਼ੂਬਸੂਰਤੀ ਕਾਇਮ ਰਹੇ






## ਦੈਵੀ ਬਾਣੀ

ਭਗਤਜਨ ਸੰਸਾਰ ਦੀ ਭਲਾਈ ਦੇ ਲਈ ਪ੍ਰਾਰਥਨਾ ਹੀ ਨਹੀਂ ਕਰਦੇ ਬਲਕਿ ਇਸਦੇ ਲਈ ਮਹੱਤਵਪੂਰਣ ਯੋਗਦਾਨ ਵੀ ਦੇਂਦੇ ਹਨ। ਸ਼ਾਂਤੀਪੂਰਣ ਵਾਤਾਵਰਣ ਤਾਂ ਹੀ ਸਥਾਪਿਤ ਹੁੰਦਾ ਹੈ, ਜਦੋਂ ਸਾਡਾ ਆਧਾਰ ਪ੍ਰਮਾਤਮਾ ਬਣਦਾ ਹੈ। ਜਦੋਂ ਅਸੀ ਇਸ ਨਾਲ ਜੁੜੇ ਰਹਿੰਦੇ ਹਾਂ, ਮਨ ਨੂੰ ਸਕੂਨ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਅਸੀਂ ਚਾਰੋਂ ਪਾਸੇ ਵੀ ਇਹੀ ਵਾਤਾਵਰਣ ਸਥਾਪਿਤ ਕਰਨ ਵਿਚ ਯੋਗਦਾਨ ਦੇਂਦੇ ਹਾਂ। ਨਵੇਂ ਸਾਲ ਵਿਚ ਅਜਿਹਾ ਹੀ ਸ਼ਾਂਤੀ ਅਤੇ ਸਦਭਾਵ ਦਾ ਵਾਤਾਵਰਣ ਸਥਾਪਿਤ ਹੋਵੇ, ਇਹੀ ਸ਼ੁਭਕਾਮਨਾ ਹੈ।

ਯੁਗਦ੍ਰਿਸ਼ਟਾ ਬਾਬਾ ਹਰਦੇਵ ਸਿੰਘ ਜੀ

**ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ 1 ਤੋਂ 16 ਦਸੰਬਰ ਦੌਰਾਨ ਉੱਤਰ-ਪ੍ਰਦੇਸ਼ ਅਤੇ ਉੱਤਰਾਖੰਡ ਦੀ ਮਾਨਵ ਕਲਿਆਣ ਯਾਤਰਾ ਦੇ ਅੰਤਰਗਤ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਸ਼ਰਧਾਲੂਆਂ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ। ਏਕ ਨਜ਼ਰ ਦੇ ਪਾਠਕ ਪਿਛਲੇ ਅੰਕਾਂ ਵਿੱਚ ਬਾਂਦਾ ਤੱਕ ਦੀ ਰੀਪੋਰਟ ਪੜ੍ਹ ਚੁੱਕੇ ਹਨ। ਪੇਸ਼ ਹੈ ਯਾਤਰਾ ਦਾ ਬਾਕੀ ਹਿੱਸਾ...**

**❑ ਸੰਪਾਦਕ**

ਹਮੀਰਪੁਰ (ਉ.ਪ੍ਰ.), 6 ਦਸੰਬਰ। ਇਥੇ ਸੰਤ ਨਿਰੰਕਾਰੀ ਸਤਿਸੰਗ ਭਵਨ ਦੇ ਲਈ ਖਰੀਦੀ ਜ਼ਮੀਨ ਤੇ ਦੈਵੀ ਸਤਿਸੰਗ ਹੋਇਆ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਸ਼ਰਧਾਲੂਆਂ ਨੂੰ ਪ੍ਰੇਮ ਅਤੇ ਸ਼ਾਂਤੀ ਦਾ ਸੰਦੇਸ਼ ਦੇਂਦੇ ਹੋਏ ਫਰਮਾਇਆ ਕਿ ਮਾਨਵ ਦੇ ਰੂਪ ਵਿੱਚ ਜਨਮ ਹੋਇਆ ਹੈ ਤਾਂ ਮਾਨਵੀ ਗੁਣ ਵਸ ਜਾਣ। ਬ੍ਰਹਮਗਿਆਨ ਰੂਪੀ ਦਾਤ ਅਨਮੋਲ ਹੈ, ਇਹ ਦਾਤ ਪਾ ਕੇ ਆਤਮਾ ਦਾ ਨਾਤਾ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ।

*ਸੰਪੂਰਨ ਹਰਦੇਵ ਬਾਣੀ ਦੇ ਸ਼ਬਦ ਦੀ ਸਰਲ ਵਿਆਖਿਆ ਕਰਦੇ ਹੋਏ ਸਤਿਗੁਰੂ ਮਾਤਾ ਜੀ ਨੇ ਪ੍ਰਾਕ੍ਰਿਤੀ ਵਿੱਚ ਅਨੇਕਤਾ ਦੀ ਖੂਬਸੂਰਤੀ ਦਾ ਵਰਣਨ ਕਰਦੇ ਹੋਏ ਕਿਹਾ ਕਿ ਧਰਤੀ ਤੇ ਕਿਤੇ ਸਮੁੰਦਰ ਹੈ, ਕਿਤੇ ਰੇਗਿਸਤਾਨ ਹੈ, ਕਿਤੇ ਪਹਾੜ ਹਨ। ਇਹ ਅਨੇਕਤਾ ਖੂਬਸੂਰਤੀ ਦਾ ਪ੍ਰਤੀਕ ਹੈ। ਪ੍ਰਮਾਤਮਾ ਨੇ ਸਾਨੂੰ ਇਹ ਸੁੰਦਰ ਧਰਤੀ ਦਿੱਤੀ ਹੈ। ਹੁਣ ਇਨਸਾਨ ਦਾ ਕਰੱਤਵ ਹੈ ਕਿ ਧਰਤੀ ਦੀ ਖੂਬਸੂਰਤੀ ਨੂੰ ਹੋਰ ਨਿਖਾਰੀਏ ਨਾ ਕਿ ਇਸ ਨੂੰ ਬਦਸੂਰਤ ਕਰੀਏ। ਲੇਕਿਨ ਅੱਜ ਵੇਖਿਆ ਜਾ ਰਿਹਾ ਹੈ ਕਿ ਇਨਸਾਨ ਆਪਣੇ ਵਿਵਹਾਰ ਨਾਲ ਧਰਤੀ ਦੀ ਸੁੰਦਰਤਾ ਨੂੰ ਵਿਗਾੜਨ ਤੇ ਆਮਾਦਾ ਹੈ।*

*ਅਨੇਕਤਾਵਾਂ ਕਈ ਤਰ੍ਹਾਂ ਦੀਆਂ ਹਨ। ਰਹਿਣ-ਸਹਿਣ, ਖਾਣ-ਪਾਣ, ਸਭਿਅਤਾ - ਸੰਸਕ੍ਰਿਤੀ, ਦੇਸ਼-ਪ੍ਰਾਂਤ ਆਦਿ ਅਨੇਕਤਾ ਹੀ ਅਨੇਕਤਾ ਹੈ ਲੇਕਿਨ ਇਹ ਅਨੇਕਤਾ ਖੂਬਸੂਰਤ ਹੈ। ਅਨੇਕਤਾ ਦੇ ਬਾਵਜੂਦ ਇਹ ਖੂਬਸੂਰਤੀ ਕਾਇਮ ਰਹਿਣੀ ਚਾਹੀਦੀ ਹੈ। ਪ੍ਰਾਕ੍ਰਿਤੀ ਦਾ ਹਰ ਕੰਮ ਬਿਹਤਰ ਤਾਲਮੇਲ ਦੇ ਨਾਲ ਹੁੰਦਾ ਹੈ। ਸ਼ਰੀਰਕ ਅੰਗ ਵੀ ਆਪਣੇ-ਆਪਣੇ ਕੰਮ ਕਰਦੇ ਹਨ। ਹਰ ਅੰਗ ਦਾ ਆਪਣਾ ਮਹੱਤਵ ਹੈ।*

ਕੁਦਰਤੀ ਸੰਸਾਧਨਾਂ ਦੀ ਦੁਰ-ਵਰਤੋ ਕਰਨ ਦੇ ਕਾਰਣ ਹੀ ਅੱਜ ਧਰਤੀ ਦਾ ਵਾਤਾਵਰਣ ਦੂਸ਼ਿਤ ਹੁੰਦਾ ਜਾ ਰਿਹਾ ਹੈ। ਪ੍ਰਮਾਤਮਾ ਨੇ ਧਰਤੀ ਤੇ ਸੰਸਾਧਨਾਂ ਦੇ ਰੂਪ ਵਿੱਚ ਉਪਹਾਰ ਦਿੱਤੇ ਹਨ ਲੇਕਿਨ ਇਹ ਇਨਸਾਨ ਦੀ ਵਿਡੰਬਨਾ ਹੀ ਹੈ ਕਿ ਇਹ ਧਰਤੀ ਨੂੰ ਵਿਨਾਸ਼ ਵੱਲ ਲੈ ਜਾ ਰਿਹਾ ਹੈ। ਇਨਸਾਨ ਨੇ ਵਰਦਾਨ ਬਣਨਾ ਸੀ ਪਰ ਇਹ ਅਭਿਸ਼ਾਪ ਬਣ ਗਿਆ ਹੈ।

ਮਾਨਵ, ਮਾਨਵੀ ਗੁਣਾਂ ਨਾਲ ਭਰਪੂਰ ਹੋ ਕੇ ਸ਼ਰੀਰਕ ਅੰਗਾਂ ਦੀ ਤਰ੍ਹਾਂ ਸਮਾਜ ਵਿੱਚ ਵਿਵਹਾਰਿਕ ਜੀਵਨ ਨੂੰ ਸੁੰਦਰ ਬਣਾ ਸਕਦਾ ਹੈ, ਪਰੰਤੂ ਇਨਸਾਨ ਏਕਤਵ ਦੇ ਭਾਵ ਨਾਲ ਭਰਪੂਰ ਨਹੀਂ ਹੋ ਪਾਉਂਦਾ। ਆਪਣੀ ਫ਼ਿਤਰਤ ਦੇ ਕਾਰਣ ਹਮੇਸ਼ਾ ਇਕ-ਦੂਜੇ ਨੂੰ ਗਿਰਾਉਣ ਦਾ ਜਤਨ ਕਰਦਾ ਹੈ। ਪ੍ਰੀਵਾਰਿਕ ਮੈਂਬਰਾਂ ਦੇ ਪ੍ਰਤੀ ਸਦਭਾਵ ਹੋਵੇ। ਦਇਆ, ਕਰੁਣਾ, ਵਿਸ਼ਾਲਤਾ ਇਨਸਾਨ ਦੇ ਜੀਵਨ ਦੇ ਅੰਗ ਬਣਨੇ ਚਾਹੀਦੇ ਹਨ। ਸੰਸਾਰ ਖੂਬਸੂਰਤ ਹੈ ਇਸ ਨੂੰ ਅਸੀਂ ਆਪਣੇ ਆਚਰਣ ਨਾਲ ਬਦਸੂਰਤ ਨਾ ਕਰੀਏ। ਧਰਤੀ ਦੀ ਸੁੰਦਰਤਾ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਇਨਸਾਨ ਤੇ ਹੀ ਹੈ।

ਸਮਦ੍ਰਿਸ਼ਟੀ ਦੇ ਭਾਵ ਨੂੰ ਤਾਂ ਹੀ ਸਾਕਾਰ ਕੀਤਾ ਜਾ ਸਕਦਾ ਹੈ ਜਦੋਂ ਗਿਆਨ ਦੀ ਨਜ਼ਰ ਨਾਲ ਵੇਖਾਂਗੇ। ਕਿਸੇ ਦੇ ਵਿਵਹਾਰ ਵਿੱਚ ਬਦਲਾਵ ਲਿਆਉਣ ਲਈ ਦੂਜਾ ਕੋਈ ਜਤਨ ਨਹੀਂ ਕਰਦਾ, ਜਦੋਂ ਤਕ ਕਿ ਉਹ ਖੁਦ ਕੋਸ਼ਿਸ਼ ਨਾ ਕਰੇ। ਇਨਸਾਨ ਨੂੰ ਖੁਦ ਹੀ ਆਪਣੇ ਆਪ ਵਿੱਚ ਪ੍ਰੀਵਰਤਨ ਲੈ ਕੇ ਆਉਣਾ ਹੋਵੇਗਾ।

ਇਨਸਾਨ ਨੇ ਆਪਣੇ ਇਰਦ-ਗਿਰਦ ਇੰਨੀਆਂ ਉਚੀਆਂ ਦੀਵਾਰਾਂ ਬਣਾ ਲਈਆਂ ਹਨ ਕਿ ਉਹ ਇਨ੍ਹਾਂ ਵਿੱਚ ਹੀ ਦੱਬ ਕੇ ਰਹਿ ਗਿਆ ਹੈ। ਤਮਾਮ ਤਰ੍ਹਾਂ ਦੀਆਂ ਦੀਵਾਰਾਂ ਇਨਸਾਨ ਨੂੰ ਇਨਸਾਨ ਤੋਂ ਜੁਦਾ ਕਰਦੀਆਂ ਹਨ। ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਇਕ ਹੀ ਤਰੀਕਾ ਹੈ ਕਿ ਇਕ ਪ੍ਰਭੂ ਦੀ ਜਾਣਕਾਰੀ ਕਰਕੇ ਏਕਤਵ ਦੇ ਭਾਵ ਨਾਲ ਭਰਪੂਰ ਹੋ ਜਾਈਏ। ਅਸਲ ਵਿੱਚ ਵਿਵਹਾਰਿਕ ਜੀਵਨ ਸੁੰਦਰ ਹੋਵੇਗਾ ਤਾਂ ਹੀ ਧਰਤੀ ਨੂੰ ਸੁੰਦਰ ਬਣਾ ਸਕਦੇ ਹਾਂ।

ਸਤਿਸੰਗ ਸਮਾਰੋਹ ਵਿੱਚ ਕਈ ਬੁਲਾਰਿਆਂ ਨੇ ਵੀ ਆਪਣੇ ਭਾਵ ਪ੍ਰਗਟ ਕੀਤੇ ਜਿਨ੍ਹਾਂ ਵਿੱਚ ਲਾਖਨ ਆਹੂਜਾ, ਸ਼੍ਰੀ ਨਰਿੰਦਰ ਸਿੰਘ 'ਨਿੰਦੀ', ਸ਼੍ਰੀ ਅਸਮਿਤ 'ਅਵੀ', ਭੈਣ ਨਮਰਤਾ ਦਿਵੇਦੀ ਆਦਿ ਸਨ। ਅੰਤ ਵਿੱਚ ਹਮੀਰਪੁਰ ਦੇ ਸੰਯੋਜਕ ਸ਼੍ਰੀ ਕੇ. ਕੇ. ਗੁਪਤਾ ਨੇ ਸਤਿਗੁਰੂ ਦੇ ਪ੍ਰਤੀ ਧੰਨਵਾਦ ਪ੍ਰਗਟ ਕੀਤਾ।

ਸਤਿਸੰਗ ਦੀ ਸਮਾਪਤੀ ਦੇ ਬਾਅਦ ਮਹੋਬਾ ਦੇ ਲਈ ਰਵਾਨਾ ਹੋਏ ਜਿੱਥੇ ਨਵੇਂ ਬਣ ਰਹੇ ਸੰਤ ਨਿਰੰਕਾਰੀ ਸਤਿਸੰਗ ਭਵਨ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਭਗਤਜਨਾਂ ਨੂੰ ਦਰਸ਼ਨ ਦੇ ਕੇ ਸਤਿਗੁਰੂ ਮਾਤਾ ਜੀ ਨੇ ਕ੍ਰਿਤਾਰਥ ਕੀਤਾ। ਆਪਣੇ ਵਿਚਾਰਾਂ ਵਿੱਚ ਆਪਨੇ ਕਿਹਾ ਕਿ ਸਤਿਸੰਗ ਦੀ ਵਿਸ਼ੇਸ਼ਤਾ ਨੂੰ ਸਮਝਣਾ ਹੋਵੇਗਾ। ਜੋ ਇਥੇ ਕਿਹਾ ਜਾਂਦਾ ਹੈ ਉਸ ਨੂੰ ਜੀਵਨ ਵਿੱਚ ਉਤਾਰਨਾ ਵੀ ਜ਼ਰੂਰੀ ਹੈ। 'ਮਹੋਬਾ' ਇਸ ਥਾਂ ਦਾ ਨਾਂ ਹੈ ਜੋ ਮੁਹੱਬਤ ਦਾ ਪ੍ਰਤੀਕ ਹੈ। ਜੀਵਨ ਵਿੱਚ ਪ੍ਰੇਮ ਦੀ ਵਿਸ਼ੇਸ਼ ਅਹਿਮੀਅਤ ਹੈ। ਪ੍ਰੇਮ ਨਾਲ ਹੀ ਜੀਵਨ ਨੂੰ ਖੂਬਸੂਰਤ ਬਣਾਇਆ ਜਾ ਸਕਦਾ ਹੈ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ 7 ਦਸੰਬਰ ਨੂੰ ਹਮੀਰਪੁਰ ਦੇ ਸਤਿਸੰਗ ਭਵਨ ਵਿੱਚ ਸ਼ਰਧਾਲੂਆਂ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ, ਇਸ ਤੋਂ ਬਾਅਦ ਕਾਨਪੁਰ ਦੇ ਲਈ ਰਵਾਨਾ ਹੋਏ।

(ਵੇਖੋ ਬਾਕੀ ਪੰਨਾ 4 ਤੇ)



ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਪਾਵਨ ਛੱਤਰਛਾਇਆ ਹੇਠ

## ਮਹਾਂਰਾਸ਼ਟਰ ਦਾ ਪ੍ਰਾਦੇਸ਼ਿਕ ਸੰਤ ਸਮਾਗਮ

24, 25, 26 ਜਨਵਰੀ, 2020 (ਸ਼ੁਕਰ-ਸ਼ਨੀ-ਐਤ)

**ਸਮਾਗਮ ਸਥਾਨ:** ਨਿਰੰਕਾਰੀ ਸੰਤ ਸਮਾਗਮ, ਠੱਕਰਸ ਗਰਾਊਂਡ, ਬੋਰਗੜ, ਮਖਮਲਾਬਾਦ- ਆਰ.ਟੀ.ਓ.ਰੋਡ, ਪੇਠ-ਧਰਮਪੁਰ ਗੁਜਰਾਤ ਹਾਈਵੇ, ਨਾਸਿਕ - 422004 (ਮਹਾਂਰਾਸ਼ਟਰ)

-:ਪ੍ਰੋਗਰਾਮ:-

**ਸ਼ੁਕਰਵਾਰ, 24 ਜਨਵਰੀ, 2020**
ਸ਼ੋਭਾ ਯਾਤਰਾ : 11.00 ਵਜੇ ਤੋਂ 1.00 ਵਜੇ
ਸਤਿਸੰਗ : 2.30 ਤੋਂ ਰਾਤ 9.00 ਵਜੇ
ਪ੍ਰਵਚਨ (ਸਤਿਗੁਰੂ ਮਾਤਾ ਜੀ) : ਰਾਤ 9.00 ਵਜੇ

**ਸ਼ਨੀਵਾਰ, 25 ਜਨਵਰੀ, 2020**
ਸੇਵਾਦਲ ਰੈਲੀ : 11.00 ਤੋਂ ਦੁਪਹਿਰ 1.30 ਵਜੇ
ਸਤਿਸੰਗ : 2.30 ਤੋਂ ਰਾਤ 9.00 ਵਜੇ
ਪ੍ਰਵਚਨ (ਸਤਿਗੁਰੂ ਮਾਤਾ ਜੀ) : ਰਾਤ 9.00 ਵਜੇ

**ਐਤਵਾਰ, 26 ਜਨਵਰੀ, 2020**
ਸਤਿਸੰਗ : 1.30 ਤੋਂ ਰਾਤ 9.00 ਵਜੇ
ਪ੍ਰਵਚਨ (ਸਤਿਗੁਰੂ ਮਾਤਾ ਜੀ) : ਰਾਤ 9.00 ਵਜੇ

ਨੋਟ:- ❖ 27 ਜਨਵਰੀ, 2020 (ਸੋਮਵਾਰ) ਨੂੰ ਸਵੇਰੇ 11.00 ਤੋਂ ਦੁਪਹਿਰ 1.00 ਵਜੇ ਤੱਕ ਸਤਿਗੁਰੂ ਮਾਤਾ ਜੀ ਦੀ ਛੱਤਰਛਾਇਆ ਹੇਠ ਸਮਾਗਮ ਸਥਲ ਤੇ ਸਾਮੂਹਿਕ ਸ਼ਾਦੀਆਂ ਹੋਣਗੀਆਂ।
❖ ਸਮਾਗਮ ਦੌਰਾਨ ਨਾਸਿਕ ਰੋਡ ਰੇਲਵੇ ਸਟੇਸ਼ਨ ਅਤੇ ਨਾਸਿਕ ਐਸ.ਟੀ.ਬਸ ਸਟੈਂਡ ਤੋਂ ਆਉਣ-ਜਾਣ ਦੇ ਲਈ ਫ੍ਰੀ ਬਸ ਸੇਵਾਵਾਂ ਦਾ ਲਾਭ ਪ੍ਰਾਪਤ ਹੋਵੇਗਾ।

ਵਿਸ਼ੇਸ਼ ਨੋਟ: ਲੰਗਰ ਦੀ ਵਿਵਸਥਾ ਸਮਾਗਮ ਸਥਲ ਤੇ ਹੀ ਹੋਵੇਗੀ।

ਸੰਪਰਕ ਸੂਤਰ : ਸ਼੍ਰੀ ਸ਼ੰਭੂਨਾਥ ਤਿਵਾਰੀ ਜੀ, ਸੰਤ ਨਿਰੰਕਾਰੀ ਸਤਿਸੰਗ ਭਵਨ, ਗੋਵਿੰਦ ਨਗਰ, ਮੁੰਬਈ-ਆਗਰਾ ਹਾਈਵੇ, ਨਾਸਿਕ- 422004 (ਮਹਾਂਰਾਸ਼ਟਰ)

ਈਮੇਲ : panjwanigulab@gmail.com, mahnirankarisamagam@gmail.com

ਟੈਲੀਫੋਨ : 0253-2472487 ਸ਼੍ਰੀ ਸ਼ੰਭੂਨਾਥ ਤਿਵਾਰੀ ਜੀ (9867504900), ਸ਼੍ਰੀ ਕੰਨ੍ਹੀਆ ਲਾਲ ਜੀ (9823011444), ਸ਼੍ਰੀ ਜਨਾਰਦਨ ਪਾਟਿਲ ਜੀ (9823146500), ਸ਼੍ਰੀ ਗੁਲਾਬ ਪੰਜਵਾਣੀ ਜੀ (9860885440)

-ਬ੍ਰਿਗੇਡੀਅਰ ਪੀ.ਐਸ.ਚੀਮਾ (ਸੇਨਾ.), ਮਹਾਂਸਕੱਤਰ, ਸੰਤ ਨਿਰੰਕਾਰੀ ਮੰਡਲ, ਦਿੱਲੀ-9

## ਪਾਠਕਾਂ ਨੂੰ ਨਵੇਂ ਸਾਲ 2020 ਦੀਆਂ ਹਾਰਦਿਕ ਸ਼ੁਭਕਾਮਨਾਵਾਂ

ਸੰਪਾਦਕੀ

# ਮੁਬਾਰਕ ਸਾਲ ਨਵਾਂ

ਸਮਾਂ ਕਦੇ ਠਹਿਰਦਾ ਨਹੀ। ਇਹ ਯੁੱਗਾਂ-ਯੁੱਗਾਂ ਤੋਂ ਚਲਦਾ ਆ ਰਿਹਾ ਹੈ ਅਤੇ ਯੁਗਾਂ-ਯੁਗਾਂ ਤਕ ਚਲਦਾ ਰਹੇਗ। ਘੜੀ ਦੀਆਂ ਸੂਈਆਂ ਨਾਲ ਟਿਕ-ਟਿਕ ਕਰਦਾ ਸਮਾਂ ਸੈਕਿੰਡਾਂ, ਮਿੰਟਾਂ, ਘੰਟਿਆਂ, ਦਿਨਾਂ, ਮਹੀਨਿਆਂ ਅਤੇ ਸਾਲਾਂ ਦੇ ਰੂਪ ਵਿਚ ਅਪਣੀ ਇਸ ਯਾਤਰਾ ਤੇ ਨਿਰਵਿਘਨ ਚਾਲ ਨਾਲ ਚਲਦਾ ਜਾ ਰਿਹਾ ਹੈ। ਕੁਦਰਤੀ ਆਫਤਾਂ ਦੇ ਰੂਪ ਵਿਚ ਹੋਣ ਵਾਲੀਆਂ ਘਟਨਾਵਾਂ ਜਾਂ ਫਿਰ ਮਨੁੱਖੀ ਕਾਰਗੁਜ਼ਾਰੀਆਂ ਕਾਰਣ ਹੋਣ ਵਾਲੀਆਂ ਦੁਰਘਟਨਾਵਾਂ ਜਾਂ ਸੁਖਾਵੀਆਂ ਘਟਨਾਵਾਂ ਇਸ ਦੀ ਰਫ਼ਤਾਰ ਨੂੰ ਨਾ ਤਾਂ ਰੋਕ ਸਕਦੀਆਂ ਹਨ, ਨਾ ਹੀ ਘਟ ਕਰ ਸਕਦੀਆਂ ਹਨ। ਹਾਂ, ਸਮਾਂ ਜ਼ਰੂਰ ਇਨ੍ਹਾਂ ਘਟਨਾਵਾਂ ਨੂੰ ਆਪਣੇ ਆਪ ਵਿਚ ਸਮੇਟ ਲੈਂਦਾ ਹੈ। ਕਦੇ ਇਹ ਘਟਨਾਵਾਂ ਜਾਂ ਇਨ੍ਹਾਂ ਦੀ ਯਾਦ ਮਨੁੱਖੀ ਮਨਾਂ ਤੋਂ ਧੁੰਧਲੀ ਹੋ ਜਾਂਦੀ ਹੈ ਅਤੇ ਕਦੇ ਮੁੜ ਤਾਜ਼ਾ ਹੋ ਜਾਂਦੀ ਹੈ। ਇਸ ਤਰ੍ਹਾਂ ਇਨਸਾਨ ਆਪਣੇ ਆਪ ਨੂੰ ਸਮੇਂ ਦੀ ਰਫ਼ਤਾਰ ਨਾਲ ਚਲਾਉਂਦਾ ਹੋਇਆ ਇਸ ਚੋਂ ਅਪਣੇ ਭਵਿੱਖ ਦੀਆਂ ਖੁਸ਼ੀਆਂ ਟੋਲਦਾ ਰਹਿੰਦਾ ਹੈ। ਇਸੇ ਕਾਰਣ ਹੀ ਤਾਂ ਸਮੇਂ ਨਾਲ ਜੁੜੀਆਂ ਅਪਣੀਆਂ ਸੁਖਾਵੀਆਂ ਗਤੀਵਿਧੀਆਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਜਨਮ-ਦਿਨ, ਸ਼ਾਦੀ ਦੀ ਵਰ੍ਹੇਗੰਢ ਜਾਂ ਅਜਿਹੇ ਕੁਝ ਹੋਰ ਮੌਕਿਆਂ ਨੂੰ ਜਸ਼ਨ ਦੇ ਰੂਪ ਵਿਚ ਮਨਾ ਕੇ ਇਨਸਾਨ ਖੁਸ਼ੀ ਦਾ ਅਨੁਭਵ ਕਰਦਾ ਹੈ। ਦੋਸਤ-ਮਿੱਤਰ, ਰਿਸ਼ਤੇਦਾਰ ਵੀ ਕਿਸੇ ਨਾ ਕਿਸੇ ਰੂਪ ਵਿਚ ਉਸਦੀ ਇਸ ਖੁਸ਼ੀ ਵਿਚ ਸ਼ਾਮਿਲ ਹੁੰਦੇ ਹਨ ਅਤੇ ਆਪਣੀਆਂ ਸ਼ੁਭਕਾਮਨਾਵਾਂ ਅਤੇ ਸ਼ੁਭ ਭਾਵਨਾਵਾਂ ਭੇਂਟ ਕਰਦੇ ਹਨ ਤਾਂਕਿ ਇਨਸਾਨ ਅਜਿਹੀਆਂ ਮਿੱਠੀਆਂ ਯਾਦਾਂ ਨੂੰ ਸਮੇਟੀ ਸਮੇਂ ਦੀ ਚਾਲ ਨਾਲ ਤਾਲ ਮਿਲਾ ਕੇ ਚਲਦਾ ਰਹੇ ਅਤੇ ਚੰਗੀਆਂ-ਚੰਗੀਆਂ ਖ਼ਬਰਾਂ ਹੀ ਹਮੇਸ਼ਾ ਸੁਣਨ ਨੂੰ ਮਿਲਣ ਅਤੇ ਚੰਗਾ-ਚੰਗਾ ਹੀ ਵੇਖਣ ਨੂੰ ਮਿਲੇ।

ਨਵਾਂ ਸਾਲ ਹੀ ਇਸਦਾ ਅਪਵਾਦ ਨਹੀਂ ਹੈ। 365 ਦਿਨਾਂ ਦਾ ਚੱਕਰ ਪੂਰਾ ਹੁੰਦਿਆਂ ਹੀ ਇਸ ਸਮੇਂ ਨੂੰ ਨਵੇਂ ਸਾਲ ਦਾ ਨਾਂ ਦੇ ਦਿੱਤਾ ਜਾਂਦਾ ਹੈ। ਪਿਛਲੇ ਸਾਲ ਵਿਚ ਹੋਈਆਂ ਚੰਗੀਆਂ-ਮਾੜੀਆਂ ਯਾਦਾਂ ਨੂੰ ਪਿੱਛੇ ਛੱਡਦੇ ਹੋਏ ਇਨਸਾਨ ਇਕ ਦੂਜੇ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦੇਂਦੇ ਹਨ ਅਤੇ ਸ਼ੁਭਕਾਮਨਾਵਾਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਹਰ ਇਨਸਾਨ ਇਹੀ ਆਸ ਕਰਦਾ ਹੈ ਕਿ ਆਉਣ ਵਾਲਾ ਸਮਾਂ ਉਸਦੇ ਜੀਵਨ ਵਿਚ ਨਵੀਆਂ ਖੁਸ਼ੀਆਂ ਲੈ ਕੇ ਆਵੇ ਅਤੇ ਕੋਈ ਅਣਸੁਖਾਵੀ ਘਟਨਾ ਵੇਖਣ ਨੂੰ ਨਾ ਮਿਲੇ।

2019 ਦੇ ਨਵੰਬਰ ਵਿਚ ਵਿਸ਼ਾਲ ਸੰਤ ਸਮਾਗਮ ਦੇ ਰੂਪ ਵਿਚ ਜੋ ਸੁੰਦਰ ਨਜ਼ਾਰਾ ਇਸ ਧਰਤੀ ਤੇ ਬਣਿਆ, ਜੋ ਪਿਆਰ ਦਾ ਸੈਲਾਬ ਇਥੇ ਵੇਖਣ ਨੂੰ ਮਿਲਿਆ ਅਤੇ 2020 ਦੇ ਸ਼ੁਰੂ ਵਿਚ ਹੀ ਜੋ ਨਵਾਂ ਸਰੂਪ *NYS* ਦੇ ਰੂਪ ਵਿਚ ਸਾਡੇ ਸਾਹਮਣੇ ਆਉਣ ਵਾਲਾ ਹੈ; ਅਜਿਹੇ ਸਰੂਪ ਦੀਆਂ ਯਾਦਾਂ ਅਤੇ ਉਮੀਦਾਂ ਹੀ ਸਾਡੇ ਸਮੇਂ ਨੂੰ ਮੁਬਾਰਕ ਬਣਾਂਦੀਆਂ ਹਨ ਅਤੇ ਅਜਿਹੇ ਸਮੇਂ ਨੂੰ ਹੀ ਜ਼ਿੰਦਗੀ ਦਾ ਸਫਲ ਸਮਾਂ ਮੰਨਿਆ ਜਾਂਦਾ ਹੈ।

ਖੈਰ, ਸਾਲ 2019 ਆਪਣੀ ਯਾਤਰਾ ਨੂੰ ਸੰਪੰਨ ਕਰਕੇ ਵਿਸ਼ਵ ਨੂੰ 2020 ਦੇ ਹੱਥਾਂ ਵਿਚ ਸੌਂਪ ਕੇ ਲੁਪਤ ਹੋ ਗਿਆ ਹੈ। ਇਸ ਨਵੇਂ ਸਾਲ ਵਿਚ ਸਾਡੀ ਨਿਰੰਕਾਰ ਪ੍ਰਭੂ ਅਗੇ ਇਹੀ ਅਰਦਾਸ ਹੈ ਕਿ ਸਮੁੱਚੇ ਵਿਸ਼ਵ ਵਿਚ ਮਨੁੱਖੀ ਕਦਰਾਂ-ਕੀਮਤਾਂ ਵੱਧਣ, ਸੰਸਾਰ ਦੇ ਸਾਰੇ ਇਨਸਾਨ ਉੱਚ-ਨੀਚ, ਭਾਸ਼ਾ-ਬੋਲੀ, ਪ੍ਰਾਂਤ-ਦੇਸ਼, ਜਾਤੀ-ਪਾਤੀ ਅਤੇ ਸੰਪ੍ਰਦਾਇਕਤਾ ਦੀਆਂ ਸੰਕੀਰਨ ਭਾਵਨਾਵਾਂ ਤੋਂ ਉਪਰ ਉਠ ਕੇ ਧਰਤੀ ਤੇ ਵਸਦੇ ਸਾਰੇ ਇਨਸਾਨਾਂ ਨੂੰ ਰੱਬ ਦੀ ਸੰਤਾਨ ਮੰਨਦੇ ਹੋਏ ਮਾਨਵੀ ਪਰਿਵਾਰ ਦੇ ਰੂਪ ਵਿਚ ਆਪਸ ਵਿਚ ਜੁੜਨ ਤਾਂਕਿ ਸੰਸਾਰ ਵਿਚ ਪਿਆਰ, ਸਹਿਨਸ਼ੀਲਤਾ, ਆਪਸੀ ਮਿਲਵਰਤਣ ਵਾਲਾ ਮਾਹੌਲ ਬਣ ਸਕੇ। ਨਵੇਂ ਸਾਲ ਵਿਚ ਹਰ ਇਨਸਾਨ ਆਪਣੇ ਨਿਜੀ ਸੁਆਰਥਾਂ ਦਾ ਤਿਆਗ ਕਰਕੇ ਮਾਨਵ-ਮਾਤਰ ਦੇ ਕਲਿਆਣ ਲਈ ਸੋਚੇ ਅਤੇ ਕੰਮ ਕਰੇ।

ਇਸਦੇ ਨਾਲ-ਨਾਲ ਪ੍ਰਭੂ-ਪ੍ਰਮਾਤਮਾ ਅੱਗੇ ਇਹ ਅਰਦਾਸ ਵੀ ਹੈ ਕਿ ਉਪਰੋਕਤ ਸਾਰੀਆਂ ਸ਼ੁਭਕਾਮਨਾਵਾਂ ਅਤੇ ਸ਼ੁਭਭਾਵਨਾਵਾਂ ਸਿਰਫ ਸ਼ਬਦਾਂ ਤਕ ਹੀ ਸੀਮਿਤ ਨਾ ਰਹਿਣ ਬਲਕਿ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਰ ਇਨਸਾਨ ਅਜਿਹਾ ਕਰਮ ਵੀ ਕਰੇ ਕਿਉਂਕਿ ਸ਼ੁਭਕਾਮਨਾਵਾਂ ਸ਼ੁਭ ਕਰਮਾਂ ਰਾਹੀਂ ਹੀ ਪ੍ਰਫੁੱਲਤ ਹੁੰਦੀਆਂ ਹਨ। ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਰਾਹੀਂ ਦਿੱਤੇ ਸਲੋਗਨ *"Peace not pieces, lets work for it"* ਦੇ ਅਨੁਸਾਰ ਅਸੀਂ ਨਵੇਂ ਸਾਲ ਵਿਚ ਵਿਸ਼ਵ-ਸ਼ਾਂਤੀ ਅਤੇ ਵਿਸ਼ਵ ਭਾਈਚਾਰੇ ਲਈ ਮਿਲਜੁਲ ਕੇ ਕੰਮ ਕਰੀਏ ਤਾਂਕਿ "ਸਾਰਾ ਸੰਸਾਰ ਇਕ ਪਰਿਵਾਰ" ਦਾ ਸਰੂਪ ਸਾਕਾਰ ਹੋ ਸਕੇ। ਸਿਰਫ ਇਹ ਨਵਾਂ ਸਾਲ ਹੀ ਨਹੀਂ ਬਲਕਿ ਜੀਵਨ ਦਾ ਹਰ ਪਲ, ਹਰ ਇਨਸਾਨ ਲਈ ਸੁਖਾਵਾਂ ਬਣ ਸਕੇ।

ਵਰਤਮਾਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੀ ਛੱਤਰਛਾਇਆ ਵਿਚ ਅਸੀਂ ਸਾਲਾਂ-ਸਾਲ ਨਵੇਂ ਸਾਲ ਦੀਆਂ ਖੁਸ਼ੀਆਂ ਮਾਣਦੇ ਰਹੀਏ ਅਤੇ ਅਸ਼ੀਰਵਾਦਾਂ ਹਾਸਿਲ ਕਰਦੇ ਰਹੀਏ।

– ਸੁਲੇਖ ਸਾਥੀ

# ਵਿਚਾਰ-ਪ੍ਰਵਾਹ



ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਹਜ਼ਰਤ ਈਸਾ ਮਸੀਹ ਜੀ ਇਕ ਮਿਸਾਲ ਦਿੰਦੇ ਹਨ ਕਿ ਜੇ ਕਮਰੇ ਵਿੱਚ ਇਕ ਦੀਪ ਜਗਿਆ ਹੋਇਆ ਹੈ ਅਤੇ ਉਸ ਕਮਰੇ ਵਿੱਚ ਬੜੇ ਆਰਾਮ ਨਾਲ ਇਧਰ-ਉਧਰ ਘੁੰਮ ਰਹੇ ਹਾਂ ਤਾਂ ਇਹ ਪਰਉਪਕਾਰ ਨਹੀਂ। ਇਹ ਤਾਂ ਸਿਰਫ ਅਸੀਂ ਆਪਣੇ ਲਈ ਦੇਖ ਰਹੇ ਹਾਂ ਕਿ ਜਿਸ ਕਮਰੇ 'ਚ ਘੁੰਮ ਰਹੇ ਹਾਂ, ਉੱਥੇ ਅਸੀ ਕਿਸੇ ਚੀਜ਼ ਨਾਲ ਠੋਕਰ ਨਾ ਖਾ ਜਾਈਏ। ਇਹ ਪਰਉਪਕਾਰ 'ਚ ਉਦੋਂ ਤੱਕ ਤਬਦੀਲ ਨਹੀਂ ਹੋਏਗਾ ਜਦ ਤਕ ਅਸੀ ਉਸੇ ਦੀਪਕ ਨੂੰ ਖਿੜਕੀ ਵਿੱਚ ਨਹੀਂ ਰੱਖ ਦਿਆਂਗੇ, ਜਿਥੇ ਕਮਰੇ ਵਿੱਚ ਵੀ ਰੋਸ਼ਨੀ ਹੋਵੇ, ਸਾਡੇ ਕਮਰੇ ਦੇ ਬਾਹਰ ਜਿਥੇ ਹਨ੍ਹੇਰਾ ਹੈ, ਉਥੇ ਵੀ ਉਸ ਦੀਪਕ ਦੀ ਰੋਸ਼ਨੀ ਪਹੁੰਚੇ ਅਤੇ ਬਾਹਰ ਤੋਂ ਜੋ ਲੰਘ ਰਿਹਾ ਹੈ, ਉਹ ਵੀ ਠੋਕਰ ਨਾ ਖਾ ਜਾਏ, ਉਹਦਾ ਇਕ-ਇਕ ਪਲ ਅਰਾਮ, ਚੈਨ ਨਾਲ ਬਤੀਤ ਹੋਵੇ। ਇਹ ਪਰਉਪਕਾਰ ਗੁਰਮੁੱਖ, ਮਹਾਂਪੁਰਸ਼, ਸੰਤ ਕਰਿਆ ਕਰਦੇ ਹਨ। ਗੁਰਮੁੱਖਾਂ-ਸੰਤਾਂ ਦਾ ਜੀਵਨ ਇਸੇ ਪਰਉਪਕਾਰ ਨਾਲ ਭਰਿਆ ਹੋਇਆ ਹੈ। ਜਿਨ੍ਹਾਂ ਨੇ ਜਨ-ਜਨ ਤੇ ਪਰਉਪਕਾਰ ਕੀਤਾ ਉਹਨਾਂ ਨੇ ਆਪਣਾ ਆਰਾਮ ਨਾ ਦੇਖ ਕੇ, ਆਪ ਵੀ ਕਿਸੇ ਚੀਜ਼ ਨੂੰ ਨਾ ਦੇਖਦੇ ਹੋਏ ਇਕ ਨਿਰੋਲ (ਸ਼ੁੱਧ) ਪਰਉਪਕਾਰ ਦੇ ਰਸਤੇ ਤੇ ਕਦਮ ਵਧਾਏ, ਦੂਜੇ ਦਾ ਹਿੱਤ ਕਰਦੇ ਹੋਏ ਹੀ ਜੀਵਨ ਬਤੀਤ ਕੀਤਾ ਹੈ। ਅਸੀਂ ਸਭ ਜਾਣਦੇ ਹਾਂ ਕਿ ਉਨ੍ਹਾਂ ਦੀ ਉਸਤਤਿ 'ਚ ਕੋਈ ਸ਼ਬਦ ਨਾ ਕਿਹਾ ਜਾਏ, ਤਾਂ ਵੀ ਸਾਡਾ ਜੋ ਇਕ ਸਾਹ ਹੈ, ਉਹਦੇ ਉਤੇ ਉਨ੍ਹਾਂ ਦਾ ਪੂਰਾ ਪ੍ਰਭਾਵ ਹੁੰਦਾ ਹੈ। ਸੰਤ ਦੂਜੇ ਮਹਾਂਪੁਰਸ਼ਾਂ ਦੇ ਜੀਵਨ ਵਿਚ ਖੁਸ਼ੀਆਂ ਲਿਆਉਣ ਵਾਲੇ ਹੁੰਦੇ ਹਨ। ਉਹਨਾਂ ਦਾ ਕਰਮ ਅਤੇ ਅਮਲ ਜਿਸਨੇ ਅਪਨਾ ਲਿਆ ਹੈ ਉਹ ਅਸਲ ਵਿੱਚ ਦੂਜੇ ਦੇ ਹਿਰਦੇ ਵਿੱਚ ਆਪਣੀ ਥਾਂ ਬਣਾ ਲੈਂਦੇ ਹਨ। ਇਹ ਕੋਈ 10-20 ਸਾਲ ਨਹੀਂ, ਉਹ ਯੁੱਗਾਂ ਤਕ ਆਪਣਾ ਅਸਰ ਛੱਡ ਕੇ ਜਾਂਦੇ ਹਨ। ਉਹਨਾਂ ਮਹਾਂਪੁਰਸ਼ਾਂ, ਗੁਰਮੁੱਖਾਂ, ਸੰਤਾਂ ਦਾ ਜੀਵਨ ਅਜਿਹਾ ਜੀਵਨ ਹੀ ਰਿਹਾ ਹੈ ਜਿਨ੍ਹਾਂ ਨੇ ਇਸ ਨਿਰੰਕਾਰ, ਹਰੀ ਪ੍ਰਮਾਤਮਾ ਨੂੰ ਆਪਣਾ ਆਧਾਰ ਬਣਾਇਆ ਹੈ, ਇਸ ਨਿਰੰਕਾਰ ਨੂੰ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ। ਇਸ ਨਿਰੰਕਾਰ ਨੂੰ ਆਪਣੇ ਅੰਗ-ਸੰਗ ਜਾਣ ਕੇ ਇਸ ਨੂੰ ਹਿਰਦੇ ਵਿੱਚ ਵਸਾ ਕੇ ਉਹਨਾਂ ਨੇ ਆਪਣੇ ਮਨ ਨੂੰ ਵੀ ਸ਼ੀਤਲ ਕਰੀ ਰੱਖਿਆ ਹੈ ਅਤੇ ਦੂਜਿਆਂ ਨੂੰ ਵੀ ਸ਼ੀਤਲਤਾ ਦਿੰਦੇ ਰਹੇ ਹਨ। ਇਹ ਕਰਮ, ਇਹ ਅਮਲ, ਉਨ੍ਹਾਂ ਦੇ ਗਿਆਨ ਦਾ ਵਿਵਹਾਰਿਕ ਹਿੱਸਾ ਹੈ।

ਜੇ ਸਾਨੂੰ ਕੋਈ ਬੀਮਾਰੀ ਹੈ, ਅਸੀ ਕਿਸੇ ਡਾਕਟਰ, ਹਕੀਮ ਜਾਂ ਵੈਦ ਦੇ ਕੋਲ ਜਾਂਦੇ ਹਾਂ, ਤਾਂ ਉਹ ਸਾਨੂੰ ਦਵਾਈ ਦੇ ਨਾਲ-ਨਾਲ ਕੁਝ ਪਰਹੇਜ਼ ਵੀ ਦੱਸਦਾ ਹੈ, ਜਿਨ੍ਹਾਂ ਦਾ ਸਾਨੂੰ ਧਿਆਨ ਰੱਖਣਾ ਹੁੰਦਾ ਹੈ। ਉਹ ਦਵਾਈ ਵੀ ਉਦੋਂ ਅਸਰ ਕਰਦੀ ਹੈ ਜਦੋਂ ਅਸੀ ਉਹਦੇ ਨਾਲ ਪਰਹੇਜ਼ ਜੋੜ ਲੈਂਦੇ ਹਾਂ। ਜੇ ਅਸੀ ਪਰਹੇਜ਼ ਨਾ ਕਰੀਏ ਤਾਂ ਦਵਾਈ ਵੀ ਅਸਰ ਨਹੀਂ ਕਰਦੀ। ਇਸੇ ਤਰ੍ਹਾਂ ਇਨਸਾਨ ਜੇ ਗਿਆਨ ਦੇ ਨਾਲ ਅਮਲ ਨਹੀਂ ਕਰਦਾ, ਉਸ ਤੋਂ ਜਿਸ ਕਰਮ ਦੀ ਆਸ ਕੀਤੀ ਜਾਂਦੀ ਹੈ, ਉਹੋ ਜਿਹਾ ਕਰਮ ਨਹੀਂ ਕਰਦਾ ਤਾਂ ਇਹਦੇ ਕਾਰਜ ਰਾਸ ਨਹੀਂ ਹੋ ਸਕਦੇ, ਗਿਆਨ ਉਹਦੇ ਲਈ ਸਿਰਫ ਇਕ ਜਾਣਕਾਰੀ ਬਣ ਕੇ ਰਹਿ ਜਾਂਦਾ ਹੈ ਜਿਸਦਾ ਉਸਨੂੰ ਵਿਸ਼ੇਸ਼ ਲਾਭ ਨਹੀਂ ਹੁੰਦਾ।

ਨਿਰੰਕਾਰੀ ਮਿਸ਼ਨ ਦੇ ਪੰਜ ਪ੍ਰਣ ਵੀ ਇਨਸਾਨ ਨੂੰ ਅਭਿਮਾਨ ਰਹਿਤ ਕਰਮ ਦੀ ਪ੍ਰੇਰਨਾ ਦਿੰਦੇ ਹਨ। ਇਹ ਕਹਿਣਾ ਗਲਤ ਨਹੀਂ ਹੋਏਗਾ ਕਿ ਇਹ ਪ੍ਰਣ ਬ੍ਰਹਮ ਗਿਆਨ ਦਾ ਵਿਵਹਾਰਿਕ ਰੂਪ ਹਨ, ਗਿਆਨ ਨਾਲ ਭਗਤ ਦੇ ਜੀਵਨ ਵਿੱਚ ਜੋ ਤਬਦੀਲੀ ਆਣੀ ਚਾਹੀਦੀ ਹੈ, ਗਿਆਨੀ ਭਗਤ ਦਾ ਜਿਹੋ ਜਿਹਾ ਜੀਵਨ ਬਣਨਾ ਚਾਹੀਦਾ ਹੈ, ਇਹ ਪ੍ਰਣ ਉਹਦੀ ਹੀ ਸਾਕਾਰ ਤਸਵੀਰ ਹਨ। ਇਹ ਪੰਜ ਪ੍ਰਣ ਉਹੋ ਹਨ ਜੋ ਪੁਰਾਤਨ ਮਹਾਂਪੁਰਸ਼ਾਂ ਦੀ ਸਿਖਲਾਈ ਹੈ, ਜਿਸ ਨਾਲ ਉਹਨਾਂ ਨੇ ਸਾਨੂੰ ਜੀਣ ਦਾ ਢੰਗ ਸਿਖਾਇਆ। ਪਹਿਲਾ ਪ੍ਰਣ ਇਹ ਹੈ ਕਿ ਇਹ ਜੋ ਤਨ-ਮਨ-ਧਨ ਹੈ ਇਹ ਇਸ ਪ੍ਰਭੂ-ਦਾਤਾਰ ਦਾ ਹੈ, ਪ੍ਰਭੂ-ਦਾਤਾਰ ਦੀ ਦੇਨ ਹੈ ਅਸੀਂ ਇਨ੍ਹਾਂ ਤੇ ਅਭਿਮਾਨ ਨਹੀਂ ਕਰਨਾ। ਇਹ ਨਹੀ ਮੰਨਣਾ ਕਿ ਮੇਰਾ ਤਨ ਬਹੁਤ ਖੂਬਸੂਰਤ ਹੈ, ਮੇਰੇ ਵਿੱਚ ਬਹੁਤ ਤਾਕਤ ਹੈ, ਮੈਂ ਕਿਸੇ ਨੂੰ ਕੀ ਸਮਝਦਾ ਹਾਂ, ਨਾ ਹੀ ਕਦੇ ਇਹ ਸੋਚਣਾ ਕਿ ਮੇਰੇ ਕੋਲ ਬਹੁਤ ਧਨ ਹੈ, ਮੇਰੇ ਸਾਹਮਣੇ ਦੂਜਾ ਕੀ ਹੈ? ਨਾ ਕਦੇ ਇਹ ਮੰਨਣਾ ਕਿ ਮੈਂ ਬਹੁਤ ਅਕਲ ਵਾਲਾ ਹਾਂ, ਬਹੁਤ ਵਿਦਿਆ ਵਾਲਾ ਹਾਂ, ਦੂਜਾ ਤਾਂ ਅਨਪੜ੍ਹ ਹੈ, ਉਸਨੂੰ ਕੀ ਪਤਾ ਹੈ। ਇਨ੍ਹਾਂ ਗੱਲਾਂ ਤੋਂ ਅਸੀ ਬਚਣਾ ਹੈ ਕਿਉਂਕਿ ਜੋ ਅਭਿਮਾਨ ਕਰਦਾ ਹੈ ਉਹ ਇਸ ਹਰੀ ਦੀ ਦਰਗਾਹ 'ਚ ਕਦੇ ਪਰਵਾਨ ਨਹੀਂ ਹੋ ਸਕਦਾ। ਇਸੇ ਲਈ ਮਹਾਂਪੁਰਸ਼ ਸੰਸਾਰ ਨੂੰ ਆਵਾਜ਼ ਦਿੰਦੇ ਹਨ ਕਿ ਹੇ ਇਨਸਾਨ ਤੂੰ ਕਦੇ ਆਪਣੇ ਤੇ ਅਭਿਮਾਨ ਨਾ ਕਰ-

ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ।।
ਆਜੁ ਕਾਲਿ ਭੁਇ ਲੇਟਣਾ ਊਪਰਿ ਜਾਮੈ ਘਾਸੁ।।

ਹੇ ਇਨਸਾਨ ਅੱਜ ਤੂੰ ਧਨ-ਦੌਲਤ ਦਾ ਮਾਣ ਕਰ ਰਿਹਾ ਹੈ, ਪਰ ਅਗਲੇ ਪਲ ਦਾ ਤੈਨੂੰ ਪਤਾ ਨਹੀਂ, ਜੇ ਤੂੰ ਤਨ ਦੀ ਤਾਕਤ ਦਾ ਅਭਿਮਾਨ ਕਰਦਾ ਹੈ, ਸੋਚਦਾ ਹੈ ਕਿ ਮੈਂ ਇਨ੍ਹਾਂ ਆਦਮੀਆਂ ਨੂੰ ਕੱਛ ਵਿੱਚ ਦਬਾ ਸਕਦਾ ਹਾਂ, ਮੈਂ ਮੁਹੱਲੇ ਵਿੱਚ ਕਿਸੇ ਨੂੰ ਖੰਘਣ ਨਹੀਂ ਦਿਆਂਗਾ, ਪਰ ਥੋੜੀ ਜਿਹੀ ਬੀਮਾਰੀ ਆ ਜਾਂਦੀ ਹੈ, ਚਾਰਪਾਈ ਤੇ ਲੇਟ ਜਾਂਦਾ ਹੈ ਤਾਂ ਪਾਣੀ ਦਾ ਗਿਲਾਸ ਵੀ ਖੁਦ ਨਹੀ ਚੁੱਕ ਸਕਦਾ। ਅਸਲ ਵਿੱਚ ਅਭਿਮਾਨ ਦਾ ਨਸ਼ਾ ਹੀ ਅਜਿਹਾ ਹੁੰਦਾ ਹੈ ਕਿ ਤੈਨੂੰ ਹੋਸ਼ ਨਹੀ ਰਹਿੰਦਾ। ਜਦੋਂ ਕਾਲ ਸਿਰ ਤੇ ਆ ਜਾਂਦਾ ਹੈ ਤਾਂ ਤੈਨੂੰ ਹੋਸ਼ ਆਉਂਦਾ ਹੈ, ਫਿਰ ਕੁਝ ਨਹੀਂ ਬਣਦਾ। ਇਸੇ ਲਈ ਤੂੰ ਹੁਣ ਗਫਲਤ ਦੀ ਨੀਂਦ ਤੋਂ ਜਾਗ ਜਾ, ਸੱਚ ਦੇ ਨਾਲ ਰਿਸ਼ਤਾ ਜੋੜ ਲੈ। ਤਨ-ਮਨ-ਧਨ ਦਾ ਅਭਿਮਾਨ ਨਾ ਕਰ। ਇਹੋ ਸਿਖਲਾਈ ਸਾਨੂੰ ਬ੍ਰਹਮ ਗਿਆਨ ਤੋਂ ਮਿਲਦੀ ਹੈ। ਜਦੋਂ ਸਾਰਾ ਜਗਤ ਮਿੱਥਿਆ ਹੈ, ਮਾਇਆ ਹੈ ਤਾਂ ਫਿਰ ਇਸ ਤੇ ਮਾਣ ਕਿਉਂ? ਪਰਮਾਤਮਾ ਨਾਲ ਨਾਤਾ ਜੁੜਦੇ ਹੀ ਤਨ-ਮਨ-ਧਨ ਦਾ ਅਭਿਮਾਨ ਮਿਟ ਜਾਂਦਾ ਹੈ। ਇਹ ਗਿਆਨ ਦਾ ਸਿਧਾਂਤ ਹੈ ਜੋ ਪਹਿਲੇ ਪ੍ਰਣ ਦਾ ਪ੍ਰਗਟ ਰੂਪ ਕਰਮਰੂਪ ਹੈ। ਦੂਜਾ ਪ੍ਰਣ ਹੈ ਜਾਤ-ਪਾਤ-ਦੀਨ-ਮਜ਼ਹਬ ਦਾ ਅਭਿਮਾਨ ਨਾ ਕਰਨਾ, ਕਿਸੇ ਦੂਜੇ ਨੂੰ ਇਹਦੇ ਕਾਰਨ ਛੋਟਾ ਜਾਂ ਨੀਵਾਂ ਨਾ ਮੰਨਣਾ। ਗਿਆਨੀ ਭਲਾ ਅਜਿਹੇ ਭੇਦ ਨੂੰ ਕਦੋਂ ਮੰਨ ਸਕਦਾ ਹੈ। ਗਿਆਨ 'ਚ ਤਾਂ ਐਸੇ ਦ੍ਵੈਤ ਭਾਵ ਦੀ ਸੰਭਾਵਨਾ ਹੀ ਨਹੀਂ। ਤੀਜਾ ਪ੍ਰਣ ਹੈ, ਖਾਣ-ਪੀਣ-ਪਹਿਰਾਵੇ ਦੇ ਕਾਰਨ ਕਿਸੇ ਨਾਲ ਨਫ਼ਰਤ ਨਹੀਂ ਕਰਨੀ। ਗਿਆਨ ਵਿੱਚ ਨਫ਼ਰਤ ਦੇ ਲਈ ਗੁੰਜਾਇਸ਼ ਹੀ ਨਹੀਂ। ਚੌਥਾ ਪ੍ਰਣ ਹੈ ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਦਾ ਪਾਲਣ ਕਰਨਾ, ਅਪਣੇ ਫਰਜ਼ਾਂ ਨੂੰ ਪੂਰਾ ਕਰਨਾ। ਅਧਿਆਤਮਿਕ ਗਿਆਨ ਵੀ ਕਰਮ-ਭੂਮੀ 'ਚੋਂ ਭੱਜਣ ਦੀ ਇਜ਼ਾਜਤ ਨਹੀਂ ਦਿੰਦਾ, ਸਭਨਾਂ ਅਵਤਾਰੀ ਮਹਾਂਪੁਰਸ਼ਾਂ, ਸੰਤਾਂ ਨੇ ਗ੍ਰਹਿਸਥ ਦਾ ਪਾਲਣ ਕੀਤਾ ਹੈ। ਪੰਜਵਾਂ ਪ੍ਰਣ ਹੈ ਗੁਰੂ ਦੀ ਆਗਿਆ ਬਿਨਾਂ ਬ੍ਰਹਮਗਿਆਨ ਨੂੰ ਨਹੀਂ ਖੋਲ੍ਹਣਾ, ਇਹ ਪ੍ਰਣ ਇਸ ਗੱਲ ਦਾ ਸੰਕੇਤ ਹੈ ਕਿ ਗਿਆਨ ਤੇ ਸਾਡਾ ਅਧਿਕਾਰ ਨਹੀਂ, ਇਹ ਸਾਡੇ ਤੇ ਗੁਰੂ ਕ੍ਰਿਪਾ ਹੈ। ਆਖਿਰ ਸਾਡੇ ਲਈ ਕੋਈ ਕਾਰਨ ਨਹੀ ਕਿ ਅਸੀ ਗਿਆਨੀ ਹੋਣ ਦਾ ਅਭਿਮਾਨ ਕਰੀਏ। ਗਿਆਨ ਵੀ ਕਿਸੇ ਤਰ੍ਹਾਂ ਦੇ ਅਭਿਮਾਨ ਦੀ ਇਜਾਜ਼ਤ ਨਹੀਂ ਦਿੰਦਾ, ਇਹ ਸਾਰੇ ਪ੍ਰਣ ਗਿਆਨ ਦਾ ਪ੍ਰਗਟ ਰੂਪ ਹਨ।

ਇਨ੍ਹਾਂ ਦੀ ਪਾਲਣਾ ਕਰਨ ਨਾਲ ਹੀ ਪਤਾ ਚੱਲੇਗਾ ਕਿ ਅਸੀਂ ਗਿਆਨਵਾਨ ਹਾਂ? ਜਿਵੇਂ ਫਲ ਦੀ ਪਹਿਚਾਨ ਉਹਦੀ ਮਹਿਕ ਤੋਂ ਹੁੰਦੀ ਹੈ, ਇਸੇ ਤਰ੍ਹਾਂ ਗਿਆਨੀ ਦੀ ਪਹਿਚਾਨ ਉਹਦੇ ਕਰਮ ਤੋਂ ਹੁੰਦੀ ਹੈ।

ਚਲਦਾ

# ਗਹਿਰੇ ਪਾਨੀ ਪੈਠ

## ਅਧਿਆਤਮ

ਅਧਿਆਤਮ ਤੋਂ ਭਾਵ ਹੈ ਆਤਮਾ ਤੇ ਪ੍ਰਮਾਤਮਾ ਦੇ ਰਾਹ ਉਤੇ ਇਸ ਨਿਰੰਕਾਰ ਦੀ ਜਾਣਕਾਰੀ ਹੁੰਦੇ ਹੋਏ ਗੁਰੂ ਦੁਆਰਾ ਦੱਸੇ ਮਾਰਗ ਉਤੇ ਚਲਣਾ ਤੇ ਗੁਰੂ ਦੁਆਰਾ ਦੱਸੀ ਸੇਵਾ ਕਮਾਉਣੀ। ਸਿਮਰਨ 'ਤੂੰ ਹੀ ਨਿਰੰਕਾਰ, ਮੈਂ ਤੇਰੀ ਸ਼ਰਨ, ਮੈਨੂੰ ਬਖਸ਼ ਲਓ' ਨੂੰ ਯਾਦ ਰੱਖਣਾ। ਇਸ ਨਾਲ ਮਿਲਣ ਵਾਲਾ ਆਨੰਦ ਭਗਤ ਦਾ ਹਿਰਦਾ ਹੀ ਜਾਣ ਸਕਦਾ ਹੈ। ਸਰੀਰ ਨੂੰ ਜਿਸ ਤਰ੍ਹਾਂ ਭੋਜਨ ਦੀ ਲੋੜ ਹੁੰਦੀ ਹੈ, ਉਸੀ ਤਰ੍ਹਾਂ ਅਰਦਾਸ ਆਤਮਾ ਦਾ ਅਧਿਆਤਮਿਕ ਭੋਜਨ ਹੈ। ਇਸ ਭੋਜਨ ਤੋਂ ਆਤਮਾ ਨੂੰ ਬਲ ਮਿਲਦਾ ਹੈ। ਗੁਰਸਿੱਖ ਅਧਿਆਤਮ ਵੱਲ ਕਿੰਨਾ ਵਧਿਆ ਹੈ ਉਸਦੀ ਉਦਾਹਰਣ ਮਹਾਂਪੁਰਸ਼ ਦਿੰਦੇ ਹਨ ਕਿ ਜਿਵੇਂ ਕਸਤੂਰੀ ਦੀ ਸੁਗੰਧ ਨੂੰ ਮਨਵਾਉਣ ਵਾਸਤੇ ਸਾਨੂੰ ਕੋਈ ਸਹੁੰ ਨਹੀਂ ਚੁੱਕਣੀ ਪੈਂਦੀ, ਕਸਤੂਰੀ ਨੂੰ ਰਗੜਨ ਨਾਲ ਜਾਂ ਉਸ ਨੂੰ ਵਰਤੋਂ ਵਿੱਚ ਲਿਆਉਣ ਨਾਲ ਪਤਾ ਲਗਦਾ ਹੈ ਕਿ ਉਸ ਵਿੱਚ ਕੀ ਖੂਬੀ ਹੈ, ਇਸ ਤਰ੍ਹਾਂ ਜਦੋਂ ਭਗਤ ਅਧਿਆਤਮ ਦੀਆਂ ਗਹਿਰਾਈਆਂ ਵਿੱਚ ਨਿਰੰਕਾਰ ਅੱਗੇ ਨਿਰਸਵਾਰਥ ਬੇਨਤੀ ਕਰਦਾ ਹੈ ਤਾਂ ਉਹ ਅਧਿਆਤਮ ਦੀ ਮੰਜ਼ਿਲ ਵੱਲ ਵਧਣਾ ਸ਼ੁਰੂ ਹੋ ਜਾਂਦਾ ਹੈ। ਅਧਿਆਤਮ ਦੀ ਰਾਹ ਉਤੇ ਗੁਰਸਿੱਖ ਵੱਲੋਂ ਕੀਤੇ ਕੰਮਾਂ ਲਈ ਮਾਨ-ਅਪਮਾਨ ਵਾਲੀ ਗੱਲ ਨਹੀ ਹੁੰਦੀ। ਨਿਰੰਕਾਰ ਵਿੱਚ ਕੀਤੀ ਅਰਦਾਸ ਨਿਰੰਕਾਰ ਨੂੰ ਚੰਗੀ ਲੱਗਦੀ ਹੈ, ਇਸ ਨਿਰੰਕਾਰ ਨੇ ਆਪਣੇ ਆਪ ਨੂੰ ਸਹਿਭੰਗ ਕੀਤਾ ਹੋਇਆ ਹੈ ਅਤੇ ਸਭ ਵਿੱਚ ਇਕ ਹੀ ਰੂਪ ਵਿਚ ਵਿਆਪਕ ਹੈ। ਪੂਰੇ ਪੈਗੰਬਰ ਦਾ ਕੰਮ ਹੁੰਦਾ ਹੈ ਕਿ ਜੋ ਆਤਮਾ ਆਦਿ-ਕਾਲ ਤੋਂ ਇਸ ਨਿਰੰਕਾਰ ਨਾਲੋਂ ਵਿਛੜੀ ਹੋਈ ਹੈ ਉਸਨੂੰ ਨਿਰੰਕਾਰ ਦੀ ਜਾਣਕਾਰੀ ਕਰਵਾ ਕੇ ਮੁੜ ਅਧਿਆਤਮ ਦੀ ਰਾਹ ਉਤੇ ਪਾਉਣਾ। ਅਧਿਆਤਮ ਦੀ ਹੋਰ ਗਹਿਰਾਈ ਵੱਲ ਉਤਰੀਏ ਤਾਂ ਇਹ ਨਿਰੰਕਾਰ ਅਡੋਲ ਹੈ, ਸ਼ਾਂਤ ਹੈ, ਅਚਿੰਤ ਹੈ, ਅਕਲਾਂ ਤੋਂ ਬਾਹਰ ਹੈ, ਬੇਰੂਪਾ ਹੈ। ਸੰਤ ਦਾ ਪ੍ਰਮਾਤਮਾ ਦੇ ਪ੍ਰੇਮ ਵਿੱਚ ਇੱਕ ਹੋਣਾ ਅਧਿਆਤਮ ਦੀ ਰਾਹ ਉਤੇ ਚਲਣਾ ਹੈ 'ਤੇਰਾ ਰੂਪ ਹੈ ਸਭ ਸੰਸਾਰ'। ਜੇ ਅਸੀ ਫੁੱਲ ਦੇ ਬੂਟੇ ਨੂੰ ਛੱਡ ਕੇ ਉਸਦੇ ਪੱਤੇ-ਪੱਤੇ ਅਤੇ ਡਾਲੀ-ਡਾਲੀ ਨੂੰ ਪਾਣੀ ਪਾਵਾਂਗੇ ਤਾਂ ਕੁਝ ਨਹੀ ਹੋਣਾ। ਸਾਨੂੰ ਉਸ ਬੂਟੇ ਦੀ ਜੜ੍ਹ ਨੂੰ ਪਾਣੀ ਦੇਣਾ ਪਵੇਗਾ ਤਾਂ ਹੀ ਚੰਗੇ ਫੁੱਲ ਆਉਣਗੇ। ਜੜ ਤੋਂ ਭਾਵ ਹੈ ਗੁਰੂ ਵੱਲੋਂ ਦਿੱਤੇ ਮੂਲ ਮੰਤਰ ਨੂੰ ਯਾਦ ਰੱਖਣਾ ਤੇ ਗੁਰੂ ਦੀ ਮੂਰਤ ਸਦਾ ਮਨ ਵਿੱਚ ਵਸਾਈ ਰੱਖਣਾ।

ਗੁਰਸਿੱਖ ਅਧਿਆਤਮ ਵੱਲ ਕਿਤਨਾ ਵਧਿਆ ਹੈ ਉਸਦੀ ਨਿਸ਼ਾਨੀ ਹੈ, ਉਹ ਸਭ ਦੇ ਗੁਣ ਵੇਖਦਾ ਹੈ ਇਥੋਂ ਤਕ ਕਿ ਦੂਸਰੇ ਦੇ ਦੋਸ਼ ਵੀ ਉਸਨੂੰ ਗੁਣ ਨਜ਼ਰ ਆਉਂਦੇ ਹਨ। ਵੈਰੀ-ਮਿੱਤਰ, ਹਾਰ-ਜਿੱਤ, ਮਾਨ-ਅਪਮਾਨ, ਸਮਾਨ ਅਵਸਥਾ ਵਿੱਚ ਰਹਿਣਾ ਅਧਿਆਤਮ ਵੱਲ ਵਧੇ ਹੋਣ ਦੀ ਨਿਸ਼ਾਨੀ ਹੈ। ਭਗਤ ਨਾਮਦੇਵ ਜੀ ਦਾ ਵਾਕਿਆ ਜਦ ਉਹਨਾਂ ਵੱਲੋਂ ਪਕਾਈਆਂ ਰੋਟੀਆਂ ਕੁੱਤਾ ਚੁੱਕ ਕੇ ਲੈ ਜਾਂਦਾ ਹੈ ਤੇ ਕੁਟੀਆ ਵਿੱਚੋਂ ਵਾਪਸ ਆਉਣ ਤੇ ਜਾਂਦੇ ਕੁੱਤੇ ਨੂੰ ਕਹਿ ਰਹੇ ਹਨ ਕਿ ਭਗਵਨ ਜੀ ਘਿਓ ਵੀ ਲੈ ਕੇ ਜਾਓ। ਇਹ ਅਧਿਆਤਮ ਵੱਲ ਵੱਧੀ ਉਚ ਅਵਸਥਾ ਦੀ ਨਿਸ਼ਾਨੀ ਹੈ। ਇਹੀ ਨਿਸ਼ਾਨੀ ਹੈ ਕਿ ਹਰ ਰੂਪ, ਹਰ ਰੰਗ ਵਿੱਚ ਇਸ ਪ੍ਰਮਾਤਮਾ ਦੀ ਸੱਤਾ ਨੂੰ ਵੇਖਣਾ। ਸੜਕ ਜਿਸ ਦੇ ਉਪਰ ਅਸੀਂ ਚਲਦੇ ਹਾਂ ਉਹ ਕੱਚੀ ਹੈ ਪਰ ਜਦ ਉਹ ਜਿੰਨੀ ਪੱਕੀ ਹੁੰਦੀ ਹੈ ਉਤਨੀ ਕੱਚੀ ਘਟਦੀ ਜਾਂਦੀ ਹੈ। ਭਾਵ ਅਸੀਂ ਅਧਿਆਤਮ ਦੀ ਰਾਹ ਉਤੇ ਗੁਰੂ ਪ੍ਰਤੀ ਵਿਸ਼ਵਾਸੀ ਹੁੰਦੇ ਜਾਂਦੇ ਹਾਂ। ਸਾਡੇ ਅੰਧਕਾਰ ਮਿਟਦੇ ਜਾਂਦੇ ਹਨ ਬ੍ਰਹਮ ਗਿਆਨੀ ਵਿੱਚ ਐਨੀ ਤਾਕਤ ਹੁੰਦੀ ਹੈ ਕਿ ਉਹ ਆਪਣੀ ਆਤਮਾ ਨੂੰ ਆਪਣੀ ਸੋਚ ਤੋਂ ਪਹਿਲਾਂ ਉਸ ਚੀਜ਼ ਦੀ ਪ੍ਰਾਪਤੀ ਕਰਵਾ ਸਕਦਾ ਹੈ, ਉਸਦੀ ਆਪਣੀ ਕੋਈ ਇੱਛਾ ਨਹੀਂ ਹੁੰਦੀ ਪ੍ਰਭੂ ਉਸ ਦੁਆਰਾ ਦੂਜਿਆਂ ਦੇ ਕਾਰਜ ਪੂਰੇ ਹੁੰਦੇ ਹਨ। ਸੰਪੂਰਨ ਅਵਤਾਰ ਬਾਣੀ ਵਿੱਚ ਦਰਜ ਹੈ ਕਿ-

ਗੁਰਸਿੱਖ ਨੂੰ ਨਹੀ ਇੱਛਾ ਫਲ ਦੀ
ਕਰਮ ਸਦਾ ਨਿਸ਼ਕਾਮ ਕਰੇ।

ਜਿਨ੍ਹਾਂ ਨੂੰ ਪ੍ਰਮਾਤਮਾ ਦਾ ਗਿਆਨ, ਗੁਰੂ ਦੁਆਰਾ ਹੋ ਗਿਆ ਹੁੰਦਾ ਹੈ, ਉਹਨਾਂ ਲਈ ਕੁਝ ਹੋਵੇ ਜਾਂ ਨਾ ਹੋਵੇ ਕੋਈ ਫਰਕ ਨਹੀ। ਨਿਰੰਕਾਰ ਦੀ ਰਜ਼ਾ ਵਿੱਚ ਹੀ ਜੀਣ ਦੀ ਪ੍ਰੇਰਨਾ ਦਿੰਦੇ ਹਨ ਤੇ ਨਿਰੰਕਾਰ ਦੇ ਵਿੱਚ ਇਸਦੀ ਰਹਿਮਤ ਦਾ ਆਨੰਦ ਮਾਣਦੇ ਇਸ ਵਿੱਚ ਵਾਸ ਕਰਦੇ ਹਨ ਤੇ ਸਦਾ ਇਸਦੇ ਪ੍ਰਤੀ ਚੁੱਪ ਰਹਿੰਦੇ ਹਨ।

□ ਰਜਿੰਦਰ ਗੋਗੀ (ਪਠਾਨਕੋਟ)

ਪ੍ਰੇਰਕ ਵਿਭੂਤੀ



ਮਾਤਾ ਭਗਵਾਨੀ ਜੀ

"ਉਨ੍ਹਾਂ ਦਾ ਸੰਪੂਰਣ ਜੀਵਨ ਸਤਿਗੁਰੂ ਨੂੰ ਸਮਰਪਿਤ ਸੀ"

1948 ਤੋਂ 1985 ਤੱਕ ਮਾਤਾ ਭਗਵਾਨੀ ਨਿਰੰਕਾਰੀ ਜਗਤ ਵਿੱਚ ਇਕ ਚਮਕਦਾ ਸਿਤਾਰਾ ਸੀ। ਉਨ੍ਹਾਂ ਨੇ ਅਪਣਾ ਸੰਪੂਰਣ ਜੀਵਨ ਸਤਿਗੁਰੂ ਨੂੰ ਸਮਰਪਿਤ ਕੀਤਾ ਹੋਇਆ ਸੀ। ਉਨ੍ਹਾਂ ਦਾ ਬਚਪਨ ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿੱਚ ਬੀਤਿਆ। ਬਚਪਨ ਤੋਂ ਹੀ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ ਸੀ, ਇਸਲਈ ਉਨ੍ਹਾਂ ਦਾ ਲਾਲਨ-ਪਾਲਨ ਨਨਿਹਾਲ ਵਿੱਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੁਖਮਨੀ ਦਾ ਪਾਠ ਕਰਨਾ, ਮੀਰਾ ਜੀ ਦੇ ਭਜਨ ਗਾਣਾ, ਗੁਰਦੁਆਰੇ ਨਿੱਤ-ਪ੍ਰਤੀ ਜਾਣਾ, ਬਹੁਤ ਚੰਗਾ ਲੱਗਦਾ ਸੀ।

1947 ਵਿੱਚ ਦੇਸ਼ ਦੀ ਵੰਡ ਦੇ ਬਾਅਦ ਉਹ ਭਾਰਤ ਆ ਗਏ। ਵੰਡ ਤੋਂ ਪਹਿਲਾਂ ਉਨ੍ਹਾਂ ਦੀ ਸ਼ਾਦੀ ਹੋ ਚੁੱਕੀ ਸੀ। ਮਨ ਦੀ ਸ਼ਾਂਤੀ ਦੀ ਤਲਾਸ਼ ਵਿੱਚ ਉਨ੍ਹਾਂ ਨੇ ਭਗਤੀ ਵੱਲ ਅਪਣਾ ਧਿਆਨ ਮੋੜ ਲਿਆ। 1948 ਵਿੱਚ ਉਹ ਭਾਈ ਸਾਹਿਬ ਲਾਲਚੰਦ ਜੀ (ਕੋਲਹਾਪੁਰ) ਤੋਂ ਪ੍ਰਭਾਵਿਤ ਹੋਏ। ਜਦੋਂ ਉਨ੍ਹਾਂ ਨੂੰ ਪਤਾ ਚਲਿਆ ਕਿ ਬਾਬਾ ਅਵਤਾਰ ਸਿੰਘ ਜੀ ਭਗਵਾਨ ਦਾ ਦੀਦਾਰ ਕਰਾਉਂਦੇ ਹਨ, ਉਨ੍ਹਾਂ ਨੇ ਤੁਰੰਤ ਸ਼੍ਰੀ ਲਾਲਚੰਦ ਜੀ ਦੇ ਸਾਹਮਣੇ ਗਿਆਨ ਲੈਣ ਦੀ ਇੱਛਾ ਜ਼ਾਹਿਰ ਕੀਤੀ। ਲੇਕਿਨ ਉਸ ਵਕਤ ਗਿਆਨ ਲੈਣ ਲਈ ਦਿੱਲੀ ਜਾਣਾ ਪੈਂਦਾ ਸੀ। ਸ਼੍ਰੀ ਲਾਲ ਚੰਦ ਜੀ ਨੇ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਕਿ ਇਕ ਭੈਣ ਨੂੰ ਗਿਆਨ ਲੈਣਾ ਹੈ। ਬਾਬਾ ਅਵਤਾਰ ਸਿੰਘ ਜੀ ਨੇ ਸ਼੍ਰੀ ਲਾਲਚੰਦ ਜੀ ਨੂੰ ਹੀ ਗਿਆਨ ਦੇਣ ਦਾ ਹੁਕਮ ਦਿੱਤਾ। ਇਸ ਤਰ੍ਹਾਂ ਮਾਤਾ ਭਗਵਾਨੀ ਜੀ ਨੇ ਗਿਆਨ ਲੈਣ ਤੋਂ ਬਾਅਦ ਮਿਸ਼ਨ ਦੇ ਪ੍ਰਚਾਰ ਵਿੱਚ ਜੀਅ-ਜਾਨ ਲਗਾ ਦਿੱਤੀ। ਉਨ੍ਹਾਂ ਦੇ ਵਿਚਾਰਾਂ ਵਿੱਚ ਸਪਸ਼ਟਵਾਦਿਤਾ ਸੀ। ਕੁਝ ਲੋਕਾਂ ਨੇ ਵਿਰੋਧ ਵੀ ਕੀਤਾ, ਪੱਥਰ ਵੀ ਮਾਰੇ ਲੇਕਿਨ ਉਨ੍ਹਾਂ ਨੇ ਆਪਣੇ ਧੀਰਜ ਨੂੰ ਬਣਾਈ ਰੱਖਿਆ। ਪੱਥਰ ਬਰਸਾਉਣ ਵਾਲੇ ਕੱਟੜਪੰਥੀ ਲੋਕ ਵੀ ਬ੍ਰਹਮਗਿਆਨ ਲੈ ਕੇ ਇਸ ਮਿਸ਼ਨ ਨਾਲ ਜੁੜ ਗਏ।

ਉਨ੍ਹਾਂ ਨੂੰ ਗੀਤਾ ਦੇ ਸ਼ਲੋਕ, ਕਬੀਰ ਦੇ ਦੋਹੇ, ਰਹੀਮ, ਤੁਲਸੀਦਾਸ ਦੀਆਂ ਚੌਪਾਈਆਂ, ਗੁਰੂ ਗ੍ਰੰਥ ਸਾਹਿਬ, ਰਾਮਾਇਣ, ਮਹਾਂਭਾਰਤ ਦਾ ਗਿਆਨ ਸੀ। ਉਨ੍ਹਾਂ ਨੇ ਅਣਗਿਣਤ ਲੋਕਾਂ ਨੂੰ ਮਿਸ਼ਨ ਨਾਲ ਜੋੜਿਆ?

ਵੇਸ਼ਭੂਸ਼ਾ ਉਨ੍ਹਾਂ ਦੀ ਮਰਦਾਨਾ ਸੀ। ਦਿਨ-ਰਾਤ ਉਹ ਮਿਸ਼ਨ ਦੇ ਪ੍ਰਚਾਰ ਵਿੱਚ ਜੁਟੇ ਰਹਿੰਦੇ ਸਨ।

ਸ਼੍ਰੀ ਲਾਲਚੰਦ ਜੀ ਦੇ ਨਾਲ ਮਿਲ ਕੇ ਪੂਰੇ ਮਹਾਂਰਾਸ਼ਟਰ, ਮੱਧ-ਪ੍ਰਦੇਸ਼, ਉੱਤਰ-ਪ੍ਰਦੇਸ਼, ਮਦਰਾਸ, ਹੈਦਰਾਬਾਦ, ਬੰਗਲੌਰ, ਰਾਜਸਥਾਨ ਵਿੱਚ ਪ੍ਰਚਾਰ ਕੀਤਾ। ਸ਼ਹਿਨਸ਼ਾਹ ਜੀ ਦੇ ਬਾਅਦ ਬਾਬਾ ਗੁਰਬਚਨ ਸਿੰਘ ਜੀ ਮਹਾਰਾਜ ਅਤੇ ਰਾਜਮਾਤਾ ਜੀ ਦੇ ਨਾਲ ਉਨ੍ਹਾਂ ਨੇ ਖੂਬ ਪ੍ਰਚਾਰ-ਪ੍ਰਸਾਰ ਕੀਤਾ। ਜਦੋਂ ਨਿਰੰਕਾਰੀ ਸਤਿਸੰਗ ਭਵਨ ਨਾਗਪੁਰ ਵਿੱਚ ਬਣਿਆ ਤਾਂ ਮਿੱਟੀ-ਗਾਰਾ ਉਠਾਉਣ ਤੋਂ ਲੈ ਕੇ ਭਵਨ ਨਿਰਮਾਣ ਵਿੱਚ ਪਾਣੀ ਦੇਣ ਤੱਕ ਦਾ ਕੰਮ ਉਨ੍ਹਾਂ ਨੇ ਕੀਤਾ।

1970 ਵਿੱਚ ਬਾਬਾ ਗੁਰਬਚਨ ਸਿੰਘ ਜੀ ਮਹਾਰਾਜ ਨੇ ਉਨ੍ਹਾਂ ਨੂੰ ਪੂਰੇ ਪੰਜਾਬ ਦੀ ਪ੍ਰਚਾਰ ਯਾਤਰਾ ਕਰਨ ਦੀ ਸੇਵਾ ਸੌਂਪੀ। 1973 ਵਿੱਚ ਉਨ੍ਹਾਂ ਨੂੰ ਮਿਸ਼ਨ ਦੇ ਪ੍ਰਚਾਰ ਦੇ ਲਈ ਦੁਬਈ, ਸਿੰਗਾਪੁਰ, ਮਨੀਲਾ ਅਤੇ ਹਾਂਗਕਾਂਗ ਜਾਣ ਦਾ ਸੁਅਵਸਰ ਮਿਲਿਆ।

ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਵੀ ਆਪਣੇ ਬਚਪਨ ਤੋਂ ਹੀ ਉਨ੍ਹਾਂ ਨੂੰ ਪ੍ਰਚਾਰ ਕਰਦੇ ਹੋਏ ਵੇਖਿਆ ਸੀ, ਇਸਲਈ ਉਹ ਜਦੋਂ ਵੀ ਨਾਗਪੁਰ ਆਉਂਦੇ, ਇਹੀ ਕਹਿੰਦੇ, ਇਹ ਨਾਗਪੁਰ ਨਗਰੀ ਮਾਤਾ ਭਗਵਾਨੀ ਜੀ ਦੀ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਬੜੇ ਪਿਆਰ ਨਾਲ ਸਿੰਜਿਆ ਹੈ।

19 ਨਵੰਬਰ 1985 ਨੂੰ ਆਪ ਬ੍ਰਹਮਲੀਨ ਹੋ ਗਈ। ਇਸ ਤਰ੍ਹਾਂ ਉਨ੍ਹਾਂ ਨੇ ਅੰਤ ਸਵਾਸਾਂ ਤੱਕ ਗੁਰੂ ਦਾ ਯਸ਼ੋਗਾਨ ਕਰਦੇ ਹੋਏ ਆਪਣੇ ਜੀਵਨ ਨੂੰ ਸਾਰਥਕ ਬਣਾਇਆ।

(ਪ੍ਰੇਸ਼ਕ: ਰੂਪਚੰਦ)

# ਮੁਫ਼ਤ ਸਿਹਤ ਜਾਂਚ ਕੈਂਪ




ਚੰਡੀਗੜ੍ਹ। ਸੰਤ ਨਿਰੰਕਾਰੀ ਸਤਿਸੰਗ ਭਵਨ ਮਲੋਇਆ ਚੰਡੀਗੜ੍ਹ ਵਿੱਚ ਮੁਫਤ ਸਿਹਤ ਜਾਂਚ ਕੈਂਪ ਦਾ ਆਯੋਜਨ ਚੰਡੀਗੜ੍ਹ ਮੈਡੀਕਲ ਲੈਬਟਰੀ ਐਸਸੋਇਏਸ਼ਨ ਦੇ ਡਾ.ਸੰਜੇ ਮੋਹਦੀਰੱਤਾ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਜਾਂਚ ਕੈਂਪ ਵਿੱਚ ਡਾ.ਪਰਮਜੀਤ ਕੌਰ ਵਲੋਂ ਜਾਂਚ ਦੇ ਬਾਅਦ ਮਰੀਜ਼ਾਂ ਨੂੰ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਮੁਫਤ ਦਵਾਈਆਂ ਅਤੇ ਡਾਕਟਰੀ ਸਲਾਹ ਦਿੱਤੀ ਗਈ।

ਇਸ ਅਵਸਰ ਤੇ ਸਥਾਨਕ ਮੁੱਖੀ ਸ਼੍ਰੀ ਪਵਨ ਕੁਮਾਰ ਜੀ ਨੇ ਡਾਕਟਰਾਂ, ਟੈਕਨੀਸ਼ਿਯਨਾਂ ਅਤੇ ਸੰਤ ਨਿਰੰਕਾਰੀ ਸੇਵਾਦਲ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

## ਨਿਰੰਕਾਰੀ ਰਾਜਮਾਤਾ ਕੁਲਵੰਤ ਕੌਰ ਜੀ

# ਬੇਮਿਸਾਲ ਜੀਵਨ ਨੂੰ ਸਲਾਮ



ਨਿਰੰਕਾਰੀ ਰਾਜਮਾਤਾ ਜੀ ਨੇ 84 ਸਾਲ ਦੀ ਜੀਵਨ-ਯਾਤਰਾ ਵਿੱਚ ਸੰਨ 1947 ਤੋਂ 1980 ਤੱਕ ਦਾ ਸਫ਼ਰ ਬਾਬਾ ਗੁਰਬਚਨ ਸਿੰਘ ਜੀ ਦੇ ਨਾਲ ਆਦਰਸ਼ ਪਤਨੀ ਦੇ ਰੂਪ ਵਿੱਚ ਬਤੀਤ ਕੀਤਾ ਲੇਕਿਨ ਜਦੋਂ ਸੰਨ 1980 ਵਿੱਚ ਬਾਬਾ ਗੁਰਬਚਨ ਸਿੰਘ ਜੀ ਨੇ ਮਾਨਵਤਾ ਦੀ ਖਾਤਿਰ ਮਹਾਨ ਬਲੀਦਾਨ ਦਿੱਤਾ ਅਤੇ ਬਾਬਾ ਹਰਦੇਵ ਸਿੰਘ ਜੀ ਸਤਿਗੁਰੂ ਦੇ ਰੂਪ ਵਿੱਚ ਪ੍ਰਗਟ ਹੋਏ ਤਾਂ ਆਪਨੇ ਮਾਂ ਦੀ ਭੂਮਿਕਾ ਨਹੀਂ ਬਲਕਿ ਗੁਰਸਿੱਖ ਬਣ ਕੇ ਜੀਵਨ ਦੇ 34 ਸਾਲ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀ ਛੱਤਰਛਾਇਆ ਹੇਠ ਬਿਤਾ ਕੇ ਸ੍ਰੇਸ਼ਠ ਗੁਰਸਿੱਖੀ ਦਾ ਪ੍ਰਮਾਣ ਦਿੱਤਾ। ਆਪ ਸਤਿਗੁਰੂ ਬਾਬਾ ਜੀ ਦਾ ਹੱਥ ਪਕੜ ਕੇ ਸਿਰ ਤੇ ਰੱਖ ਲੈਂਦੇ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਸਤਿਗੁਰੂ ਬਾਬਾ ਜੀ ਨੇ ਕਿਹਾ ਸੀ ਕਿ ''ਮੈਂ 1980 ਵਿੱਚ ਪਿਤਾ ਨੂੰ ਹੀ ਨਹੀਂ ਬਲਕਿ ਮਾਂ ਨੂੰ ਵੀ ਖੋਇਆ ਸੀ ਤਾਂ ਇਹ ਕੋਈ ਗਲਤ ਨਹੀਂ ਹੈ।'' ਰਾਜਮਾਤਾ ਜੀ ਨੇ ਇਹ ਨਿਯਮ ਬਣਾ ਰੱਖਿਆ ਸੀ ਕਿ ਬਾਬਾ ਜੀ ਦੇ ਚਰਨ-ਸਪਰਸ਼ ਕਰ ਕੇ ਆਪਣੇ ਦਿਨ ਦਾ ਜੀਵਨ ਆਰੰਭ ਕਰਦੇ ਸੀ।

**ਪ੍ਰਬੰਧਕਾਂ ਨੂੰ ਸਿਖਲਾਈ:**

ਆਪ ਪ੍ਰਬੰਧਕਾਂ ਨੂੰ ਬੜੇ ਪਿਆਰ ਨਾਲ ਸਮਝਾਉਂਦੀ ਸੀ ਕਿ ਗੁਰੂ ਨੂੰ ਕਦੇ ਕਾਹਲਗੀ (ਉਤਾਵਲਾਪਨ) ਨਾ ਆਉਣ ਦੇਵੋ, ਇਹ ਸਾਡੇ ਲਈ ਬਹੁਤ ਹਾਨੀਕਾਰਕ ਹੈ। ਆਪ ਬੇਸ਼ਕ ਬਾਬਾ ਜੀ ਨੂੰ ਮਿਲੋ ਲੇਕਿਨ ਬਾਬਾ ਜੀ ਨੂੰ ਆਪਣੇ ਸੁਝਾਵ ਦੇਣ ਦੀ ਕੋਸ਼ਿਸ਼ ਨਾ ਕਰੋ। ਸਹਿਜ ਵਿੱਚ ਜੋ ਕਰਨਾ ਚਾਹੁੰਦੇ ਹੋ, ਉਨ੍ਹਾਂ ਨੂੰ ਕਰਨ ਦਿਓ। ਪੂਰਨ ਦਾ ਕੀਤਾ ਪੂਰਨ ਹੀ ਹੋਵੇਗਾ। ਤੁਹਾਡੇ ਰਾਹੀ ਦਿੱਤੇ ਗਏ ਸੁਝਾਵ ਬਾਬਾ ਜੀ ਮੰਨ ਤਾਂ ਲੈਣਗੇ ਪਰ ਸਾਨੂੰ ਉਨ੍ਹਾਂ ਦੀ ਕੀਮਤ ਚੁਕਾਣੀ ਹੋਵੇਗੀ। ਉਹ ਅਕਸਰ ਕਿਹਾ ਕਰਦੇ ਸਨ ਕਿ ''ਜੋ ਗੁਰੂ ਕਹੇ ਸੋ ਕਾਰ ਕਮਾਓ'' ਬਸ, ਸਾਡਾ ਕਰਤੱਵ ਹੈ ਕਿ ਅਸੀ ਆਪਣੇ ਕਰਤੱਵਾਂ ਰਾਹੀ ਗੁਰੂ ਦੀ ਅਸ਼ੀਰਵਾਦ ਪ੍ਰਾਪਤ ਕਰੀਏ। ਆਪ ਪੜ੍ਹੇ-ਲਿਖੇ ਵਿਦਵਾਨ ਲੋਕ ਹੋ, ਆਪਨੂੰ ਸਮਝਾਉਣ ਵਿੱਚ ਦੇਰ ਨਹੀ ਲੱਗੇਗੀ ਕਿ ਬਾਬਾ ਜੀ ਕੀ ਚਾਹੁੰਦੇ ਹਨ? ਉਨ੍ਹਾਂ ਦੇ ਅਨੁਸਾਰ ਆਚਰਣ ਨੂੰ ਬਣਾਉਣਾ ਸਾਡਾ ਕਰਤੱਵ ਹੈ। ਉਨ੍ਹਾਂ ਨੇ ਆਪਣੇ ਇਨ੍ਹਾਂ 34 ਸਾਲਾਂ ਵਿੱਚ ਆਪਸੀ ਸਦਭਾਵ ਦਾ ਵਾਤਾਵਰਣ ਬਣਾਉਣ ਦੀ ਸੀਖ ਦੇਂਦੇ ਹੋਏ ਤਾਲਮੇਲ ਬਣਾਈ ਰੱਖਣ ਦੀ ਪ੍ਰੇਰਣਾ ਦਿੱਤੀ। ਹਰ ਕਿਸੇ ਨੂੰ ਇਕ-ਦੂਜੇ ਦੇ ਚਰਣ-ਸਪਰਸ਼ ਕਰਨੇ ਚਾਹੀਦੇ ਹਨ। ਅਸੀ ਜਦੋਂ 'ਧੰਨ ਨਿਰੰਕਾਰ' ਕਰਦੇ ਹਾਂ ਤਾਂ ਇਕ-ਦੂਜੇ ਦੀ ਮਹਿਮਾ ਨਹੀਂ ਕਰਦੇ, ਇਹ ਤਾਂ ਨਿਰੰਕਾਰ ਨੂੰ ਹੀ ਧੰਨ ਅਤੇ ਆਪਣੇ ਜੀਵਨ ਨੂੰ ਸਭ ਤਰ੍ਹਾਂ ਨਾਲ ਅਸ਼ੀਰਵਾਦ ਦਾ ਪਾਤਰ ਬਣਾਉਂਦੇ ਹਾਂ। ਪ੍ਰਬੰਧਕਾਂ ਨੂੰ ਸਮਝਾਉਣ ਦਾ ਕੰਮ ਰਾਜਮਾਤਾ ਜੀ ਦੇ ਇਲਾਵਾ ਕੋਈ ਕਰ ਵੀ ਨਹੀਂ ਸਕਦਾ ਸੀ। ਸਤਿਗੁਰੂ ਨੇ ਆਪਣੇ ਮੁਖਾਰਬਿੰਦ ਤੋਂ ਕਦੇ ਕੁਝ ਨਹੀਂ ਕਿਹਾ, ਪਰ ਮਾਂ ਕਦਮ-ਕਦਮ ਤੇ ਸਮਝਾਉਂਦੀ ਰਹਿੰਦੀ ਸੀ ਕਿ ਸਤਿਗੁਰੂ ਦੇ ਆਦੇਸ਼ਾਂ ਦਾ ਪਾਲਨ ਕਰਨਾ ਪਰਮ ਜ਼ਰੂਰੀ ਹੈ।

**ਬੱਚਿਆਂ ਨੂੰ ਸਤਿਸੰਗ ਨਾਲ ਜੋੜਨ ਦੀ ਪ੍ਰੇਰਣਾ:**

ਆਪ ਜਿਥੇ ਵੀ ਸੰਗਤਾਂ ਵਿੱਚ ਗਏ, ਸੰਗਤਾਂ ਨੂੰ ਇਹੀ ਸਮਝਾਇਆ ਕਿ ਆਪ ਸਤਿਸੰਗ ਕੀਤਾ ਕਰੋ। ਆਪਣੇ ਬਾਲ-ਬੱਚਿਆਂ ਨੂੰ ਵੀ ਲੈ ਕੇ ਆਇਆ ਕਰੋ। ਬੱਚਿਆਂ ਨੂੰ ਘਰ ਵਿੱਚ ਛੱਡ ਕੇ ਆਉਣ ਦੀ ਬਜਾਏ, ਉਨ੍ਹਾਂ ਨੂੰ ਨਾਲ ਲੈ ਕੇ ਆਇਆ ਕਰੋ ਤਾਂਕਿ ਉਹ ਵੀ ਮਹਾਤਮਾਵਾਂ ਦੀ ਸੰਗਤ ਕਰਕੇ ਜੀਵਨ ਨੂੰ ਨਿਖਾਰ ਸਕਣ, ਜੀਵਨ ਦਾ ਨਿਰਮਾਣ ਕਰ ਸਕਣ।







**ਨੌਜਵਾਨਾਂ ਨੂੰ ਸੇਵਾ ਦੀ ਪ੍ਰੇਰਣਾ:**

ਰਾਜਮਾਤਾ ਜੀ ਜਵਾਨ ਬੱਚਿਆਂ ਨੂੰ ਸਮਝਾਂਉਂਦੇ ਸਨ ਕਿ ਇਸੀ ਉਮਰ ਵਿੱਚ ਸੇਵਾ ਕਰ ਸਕਦੇ ਹੋ। ਜਦੋਂ ਆਪ ਸਾਡੀ ਉਮਰ ਦੇ ਹੋ ਜਾਓਗੇ ਤਾਂ ਇੰਝ ਸੇਵਾ ਨਹੀਂ ਕਰ ਪਾਓਗੇ। ਜਵਾਨੀ ਵਿੱਚ ਸ਼ਕਤੀ ਹੁੰਦੀ ਹੈ, ਊਰਜਾ ਹੁੰਦੀ ਹੈ। ਆਪ ਜੋ ਕਰਨਾ ਚਾਹੋਗੇ, ਆਪ ਦੇ ਲਈ ਸਰਲ ਹੈ, ਸਹਿਜ ਵੀ ਹੈ। ਜਵਾਨਾਂ ਨੇ ਆਪਣੇ ਚਰਿੱਤਰ ਨੂੰ ਬਾਹਰੀ ਹਵਾ ਤੋਂ ਬਚਾ ਕੇ ਰੱਖਣਾ ਹੈ। ਜਵਾਨੀ ਵਿੱਚ ਮਿਠਾਸ ਅਤੇ ਨਿਮਰਤਾ ਭਾਵ ਹੋਣਾ ਚਾਹੀਦਾ ਹੈ। ਕਦੇ ਕਿੱਧਰੇ ਹੰਕਾਰ ਦੀ ਬੂ ਛੂਹ ਨਾ ਸਕੇ। ਆਪ ਕਹਿੰਦੇ ਸਨ ਕਿ-

ਸੇਵਾ ਕਰਤ ਹੋਇ ਨਿਹਕਾਮੀ।।
ਤਿਸਕੋ ਹੋਤ ਪਰਾਪਤਿ ਸਵਾਮੀ।।

ਆਪਨੇ ਗਿਆਨ ਤਾਂ ਲੈ ਲਿਆ ਹੈ, ਗਿਆਨ ਨੂੰ ਜੀਵਨ ਵਿੱਚ ਅਪਨਾਉਣਾ ਵੀ ਹੈ। ਇਕ-ਇਕ ਕਦਮ ਫੂੰਕ-ਫੂੰਕ ਕੇ ਰੱਖਣਾ ਹੈ। ਕੋਈ ਕਦਮ ਅਜਿਹਾ ਨਾ ਉਠ ਜਾਵੇ ਕਿ ਗੁਰੂ ਵੱਲ ਉਂਗਲੀ ਉਠੇ। ਆਪ ਹੀ ਗੁਰੂ ਦੇ ਸੰਦੇਸ਼ਵਾਹਕ ਹੋ। ਆਪਨੇ ਇਹ ਸੰਦੇਸ਼ ਆਪਣੇ ਜੀਵਨ ਦੇ ਰਾਹੀ ਦੇਣਾ ਹੈ।

**ਭੈਣਾਂ ਨਿਮਰਤਾ ਅਪਨਾਉਣ:**

ਆਪਨੇ ਜਵਾਨ ਬੱਚੀਆਂ-ਭੈਣਾਂ ਨੂੰ ਹਮੇਸ਼ਾ ਇਹੀ ਕਿਹਾ ਹੈ ਕਿ ''ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ'' ਮਾਤਾ ਜੀ ਮੰਨਦੇ ਸਨ ਕਿ ਕਿਸੀ ਦਾ ਦਿਲ ਜਿਤਣਾ ਹੋਵੇ ਤਾਂ ਮਿੱਠਾ ਬੋਲਣਾ ਬਹੁਤ ਜ਼ਰੂਰੀ ਹੈ। ਨਿਮਰਤਾ ਭਾਵ ਬਹੁਤ ਜ਼ਰੂਰੀ ਹੈ। ਇਹ ਕੰਮ ਉਨ੍ਹਾਂ ਨੇ ਆਪਣੇ ਘਰ ਤੋਂ ਹੀ ਸ਼ੁਰੂ ਕਰਨਾ ਹੋਵੇਗਾ। ਅਪਨੇ ਮਾਤਾ-ਪਿਤਾ, ਵੱਡੇ ਬਜ਼ੁਰਗਾਂ ਦੀ ਸੇਵਾ ਕਰਨ ਦੀ ਆਦਤ ਬਣਾ ਲਈ ਤਾਂ ਆਪਦਾ ਘਰ ਸੁੱਖੀ ਹੋ ਜਾਵੇਗਾ। ਸੱਸ-ਨੂੰਹ ਦਾ ਝਗੜਾ ਖ਼ਤਮ ਹੋ ਜਾਵੇਗਾ। ਸੱਸ ਅਤੇ ਨੂੰਹ ਵਿੱਚ ਝਗੜਾ ਉਦੋਂ ਹੁੰਦਾ ਹੈ ਜਦੋਂ ਅਸੀ ਆਪਣੇ ਕਰਤੱਵ ਨੂੰ ਭੁੱਲ ਕੇ ਅਧਿਕਾਰਾਂ ਦੀ ਰੱਟ ਲਗਾਉਂਦੇ ਹਾਂ। ਕਰਤੱਵਾਂ ਨੂੰ ਆਪਣੇ ਆਚਰਣ ਦਾ ਅੰਗ ਬਣਾ ਲੈਣ ਨਾਲ ਅਧਿਕਾਰ ਆਪਣੇ ਆਪ ਆਪਦੇ ਕਦਮ ਚੁੰਮਣਗੇ।

**ਸੱਚ-ਗਿਆਨ ਦੇ ਪ੍ਰਤੀ ਜਾਗ੍ਰਤੀ:**

ਰਾਜਮਾਤਾ ਜੀ ਨੇ ਸੰਸਾਰ ਨੂੰ ਵੀ ਇਹ ਸੰਦੇਸ਼ ਦੇਣ ਵਿੱਚ ਕਦੇ ਕੋਈ ਕਮੀ ਨਹੀਂ ਛੱਡੀ ਕਿ ਸੱਚ-ਗਿਆਨ ਨੂੰ ਪ੍ਰਾਪਤ ਕਰਕੇ ਹੀ ਆਪਦੇ ਜੀਵਨ ਵਿੱਚ ਖੁਸ਼ਹਾਲੀ, ਹਰਿਆਲੀ ਆ ਸਕਦੀ ਹੈ। ਤੱਤ-ਗਿਆਨ ਨਾਲ ਹੀ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਦੁਨੀਆਂ ਨੂੰ ਸਮਝਾਉਂਦੇ ਹੋਏ ਉਹ ਅਕਸਰ ਕਹਿੰਦੇ ਸਨ ਕਿ 'ਆਪ ਚੰਗੇ ਕੰਮ ਕਰ ਰਹੇ ਹੋ, ਕਰਦੇ ਰਹੋ, ਚੰਗੇ ਕੰਮ ਦਾ ਨਤੀਜਾ ਚੰਗਾ ਹੀ ਹੁੰਦਾ ਹੈ ਪਰ ਚੰਗਾ ਕੰਮ ਉਦੋਂ ਚੰਗਾ ਬਣਦਾ ਹੈ ਜਦੋਂ ਅਲੌਕਿਕ ਸ਼ਕਤੀ ਦੀ ਛੱਤਰਛਾਇਆ ਮਿਲ ਜਾਵੇ। ਦੁਨੀਆਂ ਵਾਲਿਆਂ ਨੂੰ ਉਨ੍ਹਾਂ ਨੇ ਤੱਤ-ਗਿਆਨ ਦੀ ਪ੍ਰਾਪਤੀ ਦੀ ਪੂਰਣ ਪ੍ਰੇਰਣਾ ਦਿੱਤੀ। ਅਨੰਤ-ਅਨੰਤ ਲੋਕਾਂ ਦਾ ਕਲਿਆਣ ਹੋਇਆ ਅਤੇ ਲੋਕਾਂ ਨੇ ਗਿਆਨ ਪ੍ਰਾਪਤ ਕਰਕੇ ਲੋਕ ਅਤੇ ਪਰਲੋਕ ਸੁਖੀ ਕੀਤਾ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਪਹਿਲਾਂ ਅਸੀ ਆਪਣੇ ਲੋਕ ਨੂੰ ਸੰਵਾਰਨਾ ਹੈ। ਜਿਨ੍ਹਾਂ ਦਾ ਲੋਕ ਵੀ ਦੁੱਖੀ ਹੈ ਤਾਂ ਉਹ ਪਰਲੋਕ ਨੂੰ ਕਿਵੇਂ ਸੰਵਾਰੇਗਾ? ਲੋਕ ਦੇ ਨਾਲ ਪਰਲੋਕ ਦੀ ਅਹਿਮੀਅਤ ਨੂੰ ਸਮਝਾਉਂਦੇ ਹੋਏ ਉਹ ਕਹਿੰਦੇ ਹਨ ਕਿ ''ਲੋਕ ਸੁਖੀ ਪਰਲੋਕ ਸੁਹੇਲਾ''।

ਉਨ੍ਹਾਂ ਨੇ ਖੁਦ ਵੀ ਸੱਚ-ਗਿਆਨ ਪ੍ਰਾਪਤ ਕੀਤਾ ਅਤੇ ਸ਼ਹਿਨਸ਼ਾਹ ਜੀ ਦੀ ਨੂੰਹ ਬਣ ਕੇ, ਬਾਬਾ ਗੁਰਬਚਨ ਸਿੰਘ ਜੀ ਦੀ ਪਤਨੀ ਬਣ ਕੇ ਅਤੇ ਬਾਬਾ ਹਰਦੇਵ ਸਿੰਘ ਜੀ ਦੀ ਮਾਂ ਬਣ ਕੇ ਹਮੇਸ਼ਾ ਨਿਮਰਤਾ ਨੂੰ ਅਪਣਾਈ ਰੱਖਿਆ। ਕਦੇ ਵੀ ਉਨ੍ਹਾਂ ਨੇ ਆਪਣੇ ਅਧਿਕਾਰਾਂ ਦੇ ਲਈ ਪੁਕਾਰ ਨਹੀ ਕੀਤੀ ਬਲਕਿ ਕਰਤੱਵਾਂ ਨੂੰ ਪ੍ਰਮੁੱਖਤਾ ਦਿੱਤੀ। ਜੋ-ਜੋ ਵੀ ਜ਼ਿੰਮੇਵਾਰੀਆਂ ਮਿਲੀਆਂ, ਉਨ੍ਹਾਂ ਨੂੰ ਖੁਸ਼ੀ-ਖੁਸ਼ ਸਵੀਕਾਰ ਹੀ ਨਹੀਂ ਕੀਤਾ ਬਲਕਿ ਜੀਵਨ ਦਾ ਅਭਿੰਨ ਅੰਗ ਵੀ ਬਣਾਇਆ। ਇਸ ਮਾਂ ਨੇ ਇਨ੍ਹਾਂ 34 ਸਾਲਾਂ ਵਿੱਚ ਇਹ ਸਿੱਧ ਕਰ ਦਿੱਤਾ ਕਿ ਅਸੀ ਸਮਾਜਿਕ ਪ੍ਰਾਣੀ ਹਾਂ ਤਾਂ ਸਾਨੂੰ ਸਮਾਜਿਕ ਕਰੱਤਵਾਂ ਦਾ ਵੀ ਪਾਲਨ ਕਰਨਾ ਪਏਗਾ।

ਕਹਿਣ ਦਾ ਭਾਵ ਇਹ ਹੈ ਕਿ ਜੋ ਵੀ ਉਨ੍ਹਾਂ ਨੂੰ ਰੋਲ ਮਿਲਿਆ, ਉਨ੍ਹਾਂ ਨੇ ਪੂਰੀ ਲਗਨ ਅਤੇ ਤਨਦੇਹੀ ਨਾਲ ਉਸਨੂੰ ਨਿਭਾਇਆ। ਉਨ੍ਹਾਂ ਦਾ ਸਾਰਾ ਜੀਵਨ ਹੀ ਕਰਮਯੋਗ ਦੀ ਮੂੰਹ ਬੋਲਦੀ ਤਸਵੀਰ ਸੀ। ਇਹੀ ਕਹਿਣਾ ਪਏਗਾ ਕਿ ਉਹ ਮੁਕੰਮਲ ਨਾਰੀ ਸਨ। ਮੁਕੰਮਲ ਪਤਨੀ ਅਤੇ ਮੁਕੰਮਲ ਮਾਂ ਸਨ। ਇਸਲਈ ਅਸੀ ਸਿਰ ਝੁਕਾ ਕੇ ਕਹਿੰਦੇ ਹਾਂ- ਮਾਂ ਤੁਝੇ ਸਲਾਮ! ਤੇਰੀ ਭਗਤੀ, ਵਿਸ਼ਾਲਤਾ, ਸਮਦ੍ਰਿਸ਼ਟੀ, ਕਰਤੱਵ-ਪਾਲਨ, ਜ਼ਿੰਮੇਵਾਰੀਆਂ ਨਿਭਾਉਣ ਦੇ ਜਜ਼ਬੇ, ਅਦਮਯ ਸਾਹਸ, ਤਪ-ਤਿਆਗ ਅਤੇ ਬੇਮਿਸਾਲ ਜੀਵਨ ਨੂੰ ਸਲਾਮ !

(ਕਿਤਾਬ : ਮਾਂ ਤੁਝੇ ਸਲਾਮ ਚੋਂ।)





## ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੀਆਂ ਅਨੇਕਾਂ ਗਤੀਵਿਧੀਆਂ

Service with Humility

### ਖ਼ੂਨਦਾਨ ਕੈਂਪ

ਜਬਲਪੁਰ, (ਮ. ਪ੍ਰ.)। ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਰਾਹੀਂ ਆਯੋਜਿਤ ਖ਼ੂਨਦਾਨ ਕੈਂਪ ਵਿੱਚ 80 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।




ਕੈਂਪ ਦਾ ਉਦਘਾਟਨ ਜਬਲਪੁਰ ਦੇ ਕਲੈਕਟਰ ਸ੍ਰੀ ਭਰਤ ਯਾਦਵ ਨੇ ਕੀਤਾ। ਖ਼ੂਨ ਇਕੱਠਾ ਵਿਕਟੋਰੀਆ ਬਲੱਡ ਬੈਂਕ ਮਾਹਿਰ ਡਾ. ਭੱਲਾ ਅਤੇ ਟੈਕਨੀਸ਼ਨ ਨੇ ਡਾ. ਸੰਜੇ ਮਿਸ਼ਰਾ ਦੀ ਦੇਖ-ਰੇਖ ਵਿੱਚ ਕੀਤਾ। ਇਸ ਤੋਂ ਪਹਿਲਾਂ ਖ਼ੂਨਦਾਨ ਦੇ ਪ੍ਰਤੀ ਜਨ-ਜਾਗਰਣ ਰੈਲੀ ਵੀ ਕੱਢੀ ਗਈ।

ਕਠੂਆ, (ਜੰਮੂ-ਕਸ਼ਮੀਰ)। ਇਥੇ ਲਗਾਏ ਗਏ ਖ਼ੂਨਦਾਨ ਕੈਂਪ ਦਾ ਉਦਘਾਟਨ ਸਾਬਕਾ ਵਨ ਅਤੇ ਵਾਤਾਵਰਣ ਮੰਤਰੀ ਸ੍ਰੀ ਰਾਜੀਵ ਜਸਰੋਟੀਆ ਨੇ ਕੀਤਾ। ਕੈਂਪ ਵਿੱਚ 164 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।




ਖ਼ੂਨ ਇਕੱਠਾ ਮੈਡੀਕਲ ਕਾਲਿਜ, ਜੰਮੂ ਬਲੱਡ ਬੈਂਕ ਨੇ ਕੀਤਾ। ਜ਼ੋਨਲ ਇੰਚਾਰਜ ਸ੍ਰੀ ਅਜੀਤ ਸਿੰਘ ਜੀ ਨੇ ਇਸ ਅਵਸਰ ਤੇ ਆਯੋਜਿਤ ਸਤਿਸੰਗ ਸਮਾਰੋਹ ਦੀ ਅਗਵਾਈ ਕੀਤੀ।

ਕੁਰਾਲੀ। ਵਿਖੇ 15 ਦਸੰਬਰ ਨੂੰ ਨਿਰੰਕਾਰੀ ਸਤਿਸੰਗ ਭਵਨ ਵਿੱਚ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 215 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਕੈਂਪ ਦਾ ਉਦਘਾਟਨ ਮੁੱਲਾਂਪੁਰ ਤੋਂ ਆਏ ਸ੍ਰੀ ਗੁਰਵਿੰਦਰ ਸਿੰਘ ਜੀ (ਉਪ-ਕਪਤਾਨ ਪੁਲਿਸ ਮੁੱਲਾਂਪੁਰ) ਨੇ ਕੀਤਾ। ਖ਼ੂਨ ਇਕੱਠਾ ਕਰਨ ਦਾ ਕੰਮ ਪੀ.ਜੀ.ਆਈ.ਚੰਡੀਗੜ੍ਹ ਦੇ ਡਾਕਟਰਾਂ ਦੀ ਟੀਮ ਨੇ ਕੀਤਾ। ਜ਼ੋਨਲ ਇੰਚਾਰਜ ਸ੍ਰੀ ਕੇ.ਕੇ.ਕਸ਼ਅਪ ਜੀ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ। ਬ੍ਰਾਂਚ ਦੇ ਮੁੱਖੀ ਸ੍ਰੀ ਜੀ.ਐਲ.ਆਨੰਦ ਨੇ ਧੰਨਵਾਦ ਪ੍ਰਗਟ ਕੀਤਾ।

### ਜ਼ਰੂਰਤਮੰਦਾਂ ਨੂੰ ਕਪੜੇ ਵੰਡੇ ਗਏ

ਜੈਪੁਰ। ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਬ੍ਰਾਂਚ ਹਾਥੋਜ ਦੇ ਨਿਊ ਸਾਂਗਾਨੇਰ ਰੋਡ ਖੇਤਰ ਵਿੱਚ ਜ਼ੋਨਲ ਇੰਚਾਰਜ ਸ੍ਰੀ ਸੁਨੀਲ ਬਾਲੀ ਦੀ ਅਗਵਾਈ ਹੇਠ ਝੁੱਗੀ-ਝੌਂਪੜੀਆਂ ਵਿੱਚ ਰਹਿਣ ਵਾਲੇ ਸੈਂਕੜੇ ਜ਼ਰੂਰਤਮੰਦਾਂ ਵਿੱਚ ਕਪੜੇ ਅਤੇ ਕੰਬਲ ਵੰਡੇ ਗਏ।

ਨਾਲ ਹੀ ਖੇਤਰ ਦੇ ਜਨ ਪ੍ਰਤੀਨਿਧੀ ਸ੍ਰੀ ਹਰੀਸ਼ ਯਾਦਵ, ਰਾਵਤ ਗਰੁੱਪ ਆਫ਼ ਐਜੂਕੇਸ਼ਨ ਦੀ ਚੇਅਰਪਰਸਨ ਬੀ.ਐਸ.ਰਾਵਤ ਅਤੇ ਮਧੁਸੂਦਨ ਜੀ ਵੀ ਸ਼ਾਮਿਲ ਹੋਈ।



ਸ੍ਰੀ ਬਾਲੀ ਨੇ ਕਿਹਾ ਕਿ ਹਰ ਮਨੁੱਖ ਨੂੰ ਇਕ ਦੂਜੇ ਦਾ ਸਹਿਯੋਗ ਕਰਨਾ ਚਾਹੀਦਾ ਹੈ। ਸਾਨੂੰ ਸਾਰਿਆਂ ਦੇ ਦੁਖ-ਸੁਖ ਵਿੱਚ ਭਾਗੀਦਾਰ ਬਣਨਾ ਚਾਹੀਦਾ ਹੈ। ਜ਼ਰੂਰਮੰਦਾਂ ਦੀ ਮਦਦ ਕਰਨਾ, ਉਨ੍ਹਾਂ ਦਾ ਸਹਿਯੋਗ ਕਰਨਾ, ਪ੍ਰੇਮ ਅਤੇ ਮਿਲਵਰਤਨ ਹੀ ਮਿਸ਼ਨ ਦੇ ਮੂਲ ਸਿਧਾਂਤ ਹਨ, ਇਨ੍ਹਾਂ ਸਿਧਾਂਤਾਂ ਤੇ ਚਲਦੇ ਹੋਏ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਅੱਜ ਵਿਸ਼ਵ ਭਰ ਵਿੱਚ ਇਸ ਤਰ੍ਹਾਂ ਦੇ ਸਮਾਜਿਕ ਕੰਮ ਕਰ ਰਿਹਾ ਹੈ।

### ਖ਼ੂਨਦਾਨ ਦੇ ਲਈ ਰਾਜਪਾਲ ਨੇ ਕੀਤਾ ਸਨਮਾਨਿਤ




ਯਮੁਨਾਨਗਰ। ਰਾਜਪਾਲ ਅਤੇ ਅਧਿਅਕਸ਼ ਭਾਰਤੀ ਰੈਡਕਰਾਸ ਕਮੇਟੀ, ਹਰਿਆਣਾ ਸ੍ਰੀ ਸਤਯਦੇਵ ਨਾਰਾਇਣ ਆਰੀਆ ਰਾਹੀ ਹਰਿਆਣਾ ਚੰਡੀਗੜ੍ਹ ਵਿੱਚ ਹੋਏ ਭਾਰਤੀ ਰੈਡਕਰਾਸ ਕਮੇਟੀ ਅਤੇ ਸੈਂਟ ਜਾਨ ਐਂਬੂਲੈਂਸ (ਇੰਡੀਆ) ਹਰਿਆਣਾ ਦੀ ਸਾਲਾਨਾ ਬੈਠਕ ਦੌਰਾਨ ਸੰਤ ਨਿਰੰਕਾਰੀ ਮੰਡਲ ਯਮੁਨਾਨਗਰ ਨੂੰ ਖ਼ੂਨਦਾਨ ਦੇ ਖੇਤਰ ਵਿੱਚ ਕੀਤੇ ਗਏ ਸਰਾਹਨੀਯ ਕੰਮ ਲਈ ਸਨਮਾਨਿਤ ਕੀਤਾ ਗਿਆ।

ਰਾਜਪਾਲ ਰਾਹੀ ਇਹ ਅਵਾਰਡ ਯਮੁਨਾ ਨਗਰ ਸੇਵਾਦਲ ਦੇ ਸੰਚਾਲਕ ਸ੍ਰੀਪਾਲ ਨੂੰ ਪ੍ਰਦਾਨ ਕੀਤਾ ਗਿਆ।

**ਪਾਠਕ 'ਏਕ ਨਜ਼ਰ' ਅਖ਼ਬਾਰ ਖੁਦ ਵੀ ਪੜਨ ਅਤੇ ਹੋਰਨਾਂ ਨੂੰ ਵੀ ਪੜਨ ਦੀ ਪ੍ਰੇਰਣਾ ਦੇਣ**

ਸਤਿਗੁਰੂ ਮਾਤਾ ਜੀ ਦੀ ਕਲਿਆਣ ਯਾਤਰਾ

# ਅਸੀਂ ਵਾਹ-ਵਾਹੀ ਦੇ ਲਈ ਸਦ-ਕਰਮ ਨਾ ਕਰੀਏ

(ਪੰਨਾ 1 ਦਾ ਬਾਕੀ ਹਿੱਸਾ)

ਕਾਨਪੁਰ ਵਿੱਚ ਦੁਪਹਿਰ ਬਾਅਦ ਆਗਮਨ ਹੋਇਆ, ਗੋਬਿੰਦ ਨਗਰ ਦੇ ਸਤਿਸੰਗ ਭਵਨ ਵਿੱਚ ਅਪਾਰ ਜਨਸਮੂਹ ਸਤਿਗੁਰੂ ਦੇ ਦਰਸ਼ਨਾਂ ਦੇ ਲਈ ਹਾਜ਼ਰ ਸੀ। ਪ੍ਰੇਮ ਵਿੱਚ ਸਰਾਬੋਰ ਭਗਤਾਂ ਨੇ ਦੈਵੀ ਸਵਾਗਤ ਕੀਤਾ।

**ਕਾਨਪੁਰ (ਉ.ਪ੍ਰ.), 8 ਦਸੰਬਰ।** ਕਾਨਪੁਰ ਉ.ਪ੍ਰ. ਦੇ ਉਦਯੋਗਿਕ ਸ਼ਹਿਰ ਦੇ ਰੂਪ ਵਿੱਚ ਪ੍ਰਸਿੱਧ ਹੈ। ਇਥੇ ਰੇਲਵੇ ਗਰਾਊਂਡ ਦੇ ਵਿਸ਼ਾਲ ਮੈਦਾਨ ਵਿੱਚ ਵਿਸ਼ਾਲ ਸਤਿਸੰਗ ਸਮਾਰੋਹ ਹੋਇਆ ਜਿਸ ਵਿੱਚ ਲਖਨਊ, ਪ੍ਰਯਾਗਰਾਜ, ਓਨਾਵ ਸਹਿਤ ਆਲੇ-ਦੁਆਲੇ ਦੇ ਕਈ ਸ਼ਹਿਰਾਂ ਤੋਂ ਭਗਤਾਂ ਦਾ ਵਿਸ਼ਾਲ ਜਨਸਮੂਹ ਇਕੱਠਾ ਸੀ। ਸ਼ੁਰੂ ਵਿੱਚ ਕਾਨਪੁਰ ਦੀ ਮੇਅਰ ਸ਼੍ਰੀਮਤੀ ਪ੍ਰਮਿਲਾ ਪਾਂਡੇ ਨੇ ਸ਼ਹਿਰਵਾਸੀਆਂ ਵੱਲੋਂ ਸਤਿਗੁਰੂ ਦਾ ਸਵਾਗਤ ਕੀਤਾ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ ਪ੍ਰਭੂ-ਪ੍ਰੇਮੀ ਸੱਜਣਾਂ ਅਤੇ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ- ਪ੍ਰਮਾਤਮਾ ਹਮੇਸ਼ਾ ਇਕ ਰਸ ਅਤੇ ਸੱਚ-ਸਨਾਤਨ ਹੈ। ਮਾਨਵੀ ਜੀਵਨ ਵਿੱਚ ਆਏ ਹਾਂ ਤਾਂ ਇਸ ਦਾ ਲਾਭ ਜੀਵਨ ਦੇ ਰਹਿੰਦੇ ਹੀ ਪਾਇਆ ਜਾ ਸਕਦਾ ਹੈ। ਸੰਤਾਂ ਦੀ ਦ੍ਰਿਸ਼ਟੀ, ਸਮਦ੍ਰਿਸ਼ਟੀ ਹੁੰਦੀ ਹੈ। ਅਲਗ - ਅਲਗ ਵਿਚਾਰਧਾਰਾਵਾਂ, ਧਰਮ, ਜਾਤੀ, ਭਾਸ਼ਾ, ਹੁੰਦੇ ਹੋਏ ਵੀ ਵਿਵਹਾਰ ਵਿੱਚ ਅੰਤਰ ਨਹੀਂ ਆਉਣਾ ਚਾਹੀਦਾ। ਹਰ ਇਕ ਨੂੰ ਓਹੀ ਇੱਜ਼ਤ ਦੇਈਏ ਜਿਵੇਂ ਆਪ ਖੁਦ ਦੇ ਲਈ ਚਾਹੁੰਦੇ ਹੋ। ਅਸੀਂ ਕਿਸੇ ਵੀ ਪਿਛੋਕੜ ਭੂਮੀ ਦੇ ਹੋਈਏ ਲੇਕਿਨ ਵਿਵਹਾਰਿਕ ਜੀਵਨ ਵਿੱਚ ਸਮਦ੍ਰਿਸ਼ਟੀ ਦਾ ਭਾਵ ਹੋਣਾ ਚਾਹੀਦਾ ਹੈ।

ਆਪਨੇ ਕਿਹਾ ਕਿ ਸਾਰਿਆਂ ਵਿੱਚ ਇਕ ਹੀ ਨੂਰ ਦਾ ਅੰਸ਼ ਹੈ। ਇਸ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਨਰ ਅਤੇ ਨਾਰੀ ਇਕ ਸਮਾਨ ਹਨ। ਆਤਮਾ, ਨਰ ਜਾਂ ਨਾਰੀ ਨਹੀਂ ਹੁੰਦੀ। ਹਰ-ਜਨ ਵਿੱਚ ਇਕ ਹੀ ਰੂਪ ਹੈ ਜਿਸਦਾ ਮੂਲ ਸਰੋਤ ਪ੍ਰਮਾਤਮਾ ਹੈ। ਇਸਲਈ ਕਿਹਾ ਗਿਆ ਹੈ 'ਜੈਸੀ ਦ੍ਰਿਸ਼ਟੀ, ਵੈਸੀ ਸ੍ਰਿਸ਼ਟੀ'। ਸੰਸਕ੍ਰਿਤਕ ਤੌਰ ਤੇ ਭਿੰਨਤਾ ਹੋਣ ਦੇ ਬਾਵਜੂਦ ਸਮਦ੍ਰਿਸ਼ਟੀ ਦਾ ਭਾਵ ਮਜਬੂਤ ਰਹਿਣਾ ਚਾਹੀਦਾ ਹੈ।

ਵਿਵਹਾਰਿਕ ਜੀਵਨ ਦੀ ਸੁੰਦਰਤਾ ਦੇ ਲਈ ਇਕ-ਦੂਜੇ ਨਾਲ ਮਿਲਵਰਤਨ ਅਤੇ ਪ੍ਰੇਮ-ਪੂਰਵਕ ਜੀਵਨ ਦਾ ਸਫ਼ਰ ਤੈਅ ਕਰੀਏ ਤਾਂ ਹੀ ਵਿਸ਼ਵ ਨੂੰ ਸੁੰਦਰ ਬਣਾਇਆ ਜਾ ਸਕਦਾ ਹੈ। ਇਕ ਨੂੰ ਇਕ ਕਰਕੇ ਮੰਨਾਂਗੇ, ਜਾਣਾਂਗੇ ਤਾਂ ਹੀ ਇਕ ਹੋ ਕੇ ਜੀਵਨ ਜੀਅ ਸਕਾਂਗੇ। ਪ੍ਰੇਮ ਦੀ ਜ਼ਰੂਰਤ ਜੀਵਨ ਵਿੱਚ ਬਹੁਤ ਜ਼ਿਆਦਾ ਹੈ ਕਿਉਂਕਿ ਪ੍ਰੇਮ ਦੇ ਬਿਨਾ ਜੀਵਨ ਨੀਰਸ ਹੋ ਜਾਂਦਾ ਹੈ। ਪ੍ਰੇਮ ਹੈ ਤਾਂ ਜੀਵਨ ਹੈ ਨਹੀਂ ਤਾਂ ਜੀਵਨ, ਜੀਵਨ ਨਹੀਂ।

ਇਨਸਾਨ ਦੇ ਰੂਪ ਵਿੱਚ ਜਨਮ ਲਿਆ ਹੈ ਤਾਂ ਹਮੇਸ਼ਾ ਇਨਸਾਨੀਅਤ ਨੂੰ ਕਾਇਮ ਰੱਖੀਏ। ਮਨ ਵਿੱਚ ਹੀ ਹੁੰਦੀ ਹੈ ਚੰਗਿਆਈ ਅਤੇ ਬੁਰਾਈ। ਸ਼ੁਕਰਾਨੇ ਦਾ ਭਾਵ ਹਮੇਸ਼ਾ ਮਜ਼ਬੂਤ ਰਹੇ, ਇਹ ਧਿਆਨ ਰੱਖਣਾ ਹੈ। ਹਰ ਪ੍ਰਸਥਿਤੀ ਵਿੱਚ ਠਹਿਰਾਓ ਬਣਿਆ ਰਹਿਣਾ ਚਾਹੀਦਾ ਹੈ। ਇਸਲਈ ਕਿਹਾ ਹੈ ਕਿ- ਜੈਸੀ ਭੀ ਹੋ ਪ੍ਰਸਥਿਤੀ, ਰਹੇ ਏਕ ਸੀ ਮਨੋਸਥਿਤੀ। 'ਏਕਤਵ ਵਿੱਚ ਸਦਭਾਵ' ਦੀ ਯੁਕਤੀ ਚਰਿਤਾਰਥ ਕਰੀਏ।

ਸਤਿਸੰਗ ਵਿੱਚ ਕਈ ਪੱਤਵੰਤੇ ਸੱਜਣ, ਰਾਜਨੇਤਾ ਅਤੇ ਵਿਦਵਾਨਾਂ ਨੇ ਵੀ ਸ਼ਿਰਕਤ ਕੀਤੀ। ਬੁਲਾਰਿਆਂ ਵਿੱਚ ਸਰਵਸ਼੍ਰੀ ਸਿਧਾਰਥਨਾਥ ਸਿੰਘ (ਜ਼ੋਨਲ ਇੰਚਾਰਜ਼, ਵਾਰਾਣਸੀ), ਰਮਿਤ ਚਾਂਦਨਾ, ਬ੍ਰਿਜੇਸ਼ ਅਵਸਥੀ, ਅਰਵਿੰਦ ਯਾਦਵ, ਸਰਵੇਸ਼ ਪਾਂਡੇ ਅਤੇ ਜਗਤ ਸਿੰਘ ਤੇ ਸਾਥੀ ਸ਼ਾਮਿਲ ਸਨ।

ਕਾਨਪੁਰ ਦੇ ਜ਼ੋਨਲ ਇੰਚਾਰਜ ਸ਼੍ਰੀ ਸੁਸ਼ੀਲ ਕੁਮਾਰ ਪੁਰੀ ਨੇ ਸਤਿਗੁਰੂ ਦੇ ਪ੍ਰਤੀ ਧੰਨਵਾਦ ਪ੍ਰਗਟ ਕੀਤਾ।

ਅਗਲੇ ਦਿਨ 9 ਦਸੰਬਰ ਨੂੰ ਕਲਿਆਣ ਯਾਤਰਾ ਦੇ ਅਗਲੇ ਪੜਾਵ ਰਾਏਬਰੇਲੀ ਦੇ ਲਈ ਰਵਾਨਾ ਹੋਣ ਤੋਂ ਪਹਿਲਾਂ ਗੋਵਿੰਦ ਨਗਰ ਸਤਿਸੰਗ ਭਵਨ ਵਿੱਚ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਦਾ ਦੁਬਾਰਾ ਸੁਭਾਗ ਪ੍ਰਾਪਤ ਹੋਇਆ।




ਕਾਨਪੁਰ ਤੋਂ 9 ਦਸੰਬਰ ਨੂੰ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਕਲਿਆਣ ਯਾਤਰਾ ਦੇ ਅਗਲੇ ਪੜਾਅ ਰਾਏਬਰੇਲੀ ਦੇ ਲਈ ਰਵਾਨਾ ਹੋਏ। ਰਸਤੇ ਵਿੱਚ ਬਿੰਦਕੀ ਰੋਡ, ਚੌੜਗਰਾ, ਫਤੇਹਪੁਰ ਦੇ ਸਤਿਸੰਗ ਭਵਨ ਤੇ ਸ਼ਰਧਾਲੂਆਂ ਨੂੰ ਦਰਸ਼ਨ ਦਿੱਤੇ।

**ਰਾਏਬਰੇਲੀ (ਉ.ਪ੍ਰ.), 9 ਦਸੰਬਰ।** ਇਥੇ ਗੋਰਾ ਬਾਜ਼ਾਰ ਦੇ ਜੀ.ਆਈ.ਸੀ. ਮੈਦਾਨ ਵਿੱਚ ਹਜ਼ਾਰਾਂ ਧਰਮ ਪ੍ਰੇਮੀਆਂ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਮਾਤਾ ਜੀ ਨੇ ਫਰਮਾਇਆ ਕਿ ਬ੍ਰਹਮਗਿਆਨ ਲੈਣ ਦੇ ਬਾਅਦ ਹੀ ਪਤਾ ਚਲਦਾ ਹੈ ਕਿ ਜੀਦੇ ਜੀਅ ਕਿਵੇਂ ਦਾ ਜੀਵਨ ਬੀਤਾਣਾ ਹੈ? ਅਤੇ ਦੁਨੀਆਂ ਤੋਂ ਜਾਣ ਦੇ ਬਾਅਦ ਕਿੱਥੇ ਜਾਣਾ ਹੈ? ਕਿਵੇਂ ਜੀਦੇ ਜੀਅ ਮੁਕਤ ਹੋਣਾ ਹੈ ਅਤੇ ਮਰਨ ਦੇ ਬਾਅਦ ਵੀ ਮੁਕਤੀ ਪ੍ਰਾਪਤ ਕਰਨੀ ਹੈ।




ਪ੍ਰਮਾਤਮਾ ਦਾ ਪਲ - ਪਲ ਅਹਿਸਾਸ ਕਰਦੇ ਹੋਏ ਕੋਈ ਵੀ ਅਜਿਹਾ ਕੰਮ ਨਾ ਕਰੋ ਕਿ ਸਾਡੇ ਰਾਹੀਂ ਕਿਸੀ ਦਾ ਨੁਕਸਾਨ ਹੋਵੇ। ਸਾਰੇ ਵਿਸ਼ਵ ਦੇ ਨਿਵਾਸੀ ਸਾਡੇ ਗੁਆਂਢੀ ਹਨ। ਇਥੇ ਤੱਕ ਕਿ ਸਾਡਾ ਦਿਮਾਗ ਸਾਡੇ ਦਿਲ ਦਾ ਗੁਆਂਢੀ ਹੈ। ਜਦੋਂ ਅਸੀਂ ਇਸ ਸਦਾ ਕਾਇਮ-ਦਾਇਮ ਰਹਿਣ ਵਾਲੇ ਪ੍ਰਭੂ ਨੂੰ ਹਮੇਸ਼ਾ ਵੇਖਾਂਗੇ ਤਾਂ ਫਿਰ ਕਿਸੀ ਦਾ ਨੁਕਸਾਨ ਨਹੀ ਕਰਾਂਗੇ।

ਜੇਕਰ ਕਿਸੇ ਵੱਲ ਬਲਦਾ ਹੋਇਆ ਕੋਲਾ ਸੁਟਾਂਗੇ ਤਾਂ ਸਾਡੇ ਹੱਥ ਪਹਿਲਾਂ ਸੜਨਗੇ। ਜਦੋਂ ਅਸੀਂ ਦੂਜਿਆਂ ਨੂੰ ਚੋਟ ਪਹੁੰਚਾਵਾਂਗੇ ਤਾਂ ਸਾਨੂੰ ਚੈਨ ਨਹੀਂ ਮਿਲ ਪਾਏਗਾ। ਸੰਤਾਂ ਦਾ ਨਾਂ ਤਾਂ ਸਦਾ ਅੱਗ ਬੁਝਾਉਣ ਵਾਲਿਆਂ ਵਿੱਚ ਹੀ ਆਇਆ ਹੈ। ਚਾਹੇ ਭੌਤਿਕ ਰੂਪ ਹੋਵੇ ਜਾਂ ਮਾਨਸਿਕ ਰੂਪ ਨਾਲ, ਹਮੇਸ਼ਾ ਦੂਜਿਆਂ ਨੂੰ ਸਹਾਰਾ ਦੇਣਾ ਹੈ, ਹੌਸਲਾ ਦੇਣਾ ਹੈ। ਅਪਣੇ ਆਪ ਨੂੰ ਅਤੇ ਦੂਜੇ ਨੂੰ ਵੀ ਸੁਰੱਖਿਅਤ ਰੱਖਣਾ ਸਾਡੀ ਹੀ ਜ਼ਿਮੇਦਾਰੀ ਹੈ। ਵਿਪਰੀਤ ਪ੍ਰਸਥਿਤੀਆਂ ਵਿੱਚ ਵੀ ਪ੍ਰਭੂ ਦਾ ਸ਼ੁਕਰਾਨਾ ਕਰਨਾ ਹੈ।

ਸਤਿਸੰਗ ਸਮਾਰੋਹ ਵਿੱਚ ਕਈ ਪੱਤਵੰਤੇ ਸੱਜਣਾਂ ਨੇ ਸ਼ਾਮਿਲ ਹੋ ਕੇ ਸਤਿਗੁਰੂ ਮਾਤਾ ਜੀ ਦਾ ਸਵਾਗਤ ਕੀਤਾ। ਕਈ ਬੁਲਾਰਿਆਂ, ਗੀਤਕਾਰਾਂ




ਅਤੇ ਕਵੀਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਜਿਨ੍ਹਾਂ ਵਿੱਚ ਸ਼ਾਲਿਨੀ, ਪ੍ਰਤਿਸ਼ਠਾ ਅਤੇ ਸਾਥੀ (ਰਾਏਬਰੇਲੀ), ਆਰ.ਪੀ.ਸਿੰਘ, ਦਕਸ਼ ਐਂਡ ਸਾਥੀ, ਸਵਾਤੀ ਅਰੋੜਾ, ਲਲਿਤ ਭਾਟੀਆ ਅਨਿਲ ਮਾਲਵੀਆ, ਧੀਰੇਂਦਰ ਸ਼੍ਰੀਵਾਸਤਵ (ਲਖਨਊ), ਨੀਲਮ ਸ਼੍ਰੀਵਾਸਤਵ (ਬਲੀਆ), ਦੀਪਕ, ਨਿਕਿਤਾ ਅਤੇ ਸਾਥੀ (ਰਾਏਬਰੇਲੀ), ਸੁਖਦੇਵ ਸਿੰਘ (ਇਲਾਹਾਬਾਦ), ਅਸ਼ਵਨੀ 'ਜਤਨ', ਤਨੂ ਵੈਸ਼ਾਲੀ (ਇਲਾਹਾਬਾਦ), ਸ੍ਰੀ ਐਸ.ਐਲ.ਖੁਰਾਨਾ (ਇੰਚਾਰਜ਼, ਬ੍ਰਾਂਚ ਪ੍ਰਸ਼ਾਸਨ, ਉ.ਪ੍ਰ.) ਆਦਿ ਸਨ। ਸਥਾਨਕ ਮੁੱਖੀ ਸ਼੍ਰੀ ਰਾਕੇਸ਼ ਖਤਰੀ ਅਤੇ ਜ਼ੋਨਲ ਇੰਚਾਰਜ ਸ਼੍ਰੀ ਸੁਸ਼ੀਲ ਪੁਰੀ ਨੇ ਸਤਿਗੁਰੂ ਦੇ ਪ੍ਰਤੀ ਧੰਨਵਾਦ ਪ੍ਰਗਟ ਕੀਤਾ।

ਸਤਿਸੰਗ ਵਿੱਚ ਰਾਏਬਰੇਲੀ ਦੇ ਇਲਾਵਾ ਪ੍ਰਤਾਪਗੜ੍ਹ, ਇਲਾਹਾਬਾਦ, ਅਮੇਠੀ, ਸੁਲਤਾਨਪੁਰ, ਲਖਨਊ ਆਦਿ ਕਈ ਖੇਤਰਾਂ ਤੋਂ ਸੰਗਤਾਂ ਸ਼ਾਮਿਲ ਸਨ।

ਅਗਲੇ ਦਿਨ ਰਾਏਬਰੇਲੀ ਵਿੱਚ ਕੁਝ ਸੇਵਾਦਾਰ ਮਹਾਤਮਾਵਾਂ ਨੂੰ ਸਤਿਗੁਰੂ ਦਰਸ਼ਨ ਦਾ ਮੌਕਾ ਮਿਲਿਆ। ਫਿਰ ਇਹ ਰੂਹਾਨੀ ਕਾਰਵਾਂ ਅਯੋਧਿਆ (ਫੈਜ਼ਾਬਾਦ) ਵੱਲ ਵੱਧ ਗਿਆ। ਰਸਤੇ ਵਿੱਚ ਜਗਤਪੁਰ ਸਤਿਸੰਗ ਭਵਨ ਤੇ ਭਗਤਾਂ ਨੂੰ ਦੈਵੀ ਦਰਸ਼ਨ ਅਤੇ




ਨਮਸਕਾਰ ਦਾ ਅਵਸਰ ਪ੍ਰਾਪਤ ਹੋਇਆ। ਇਥੇ ਸਤਿਗੁਰੂ ਮਾਤਾ ਜੀ ਨੇ ਭਗਤਾਂ ਨੂੰ ਜ਼ਿਆਦਾ ਮਾਨਵੀ ਕਦਰਾਂ-ਕੀਮਤਾਂ ਪ੍ਰਤੀ ਸਮਰਪਿਤ ਹੋਣ ਤੇ ਜ਼ੋਰ ਦਿੱਤਾ।

**ਫੈਜ਼ਾਬਾਦ (ਉ.ਪ੍ਰ.), 10 ਦਸੰਬਰ।** ਵਿਸ਼ਵ ਪ੍ਰਸਿੱਧ ਧਾਰਮਿਕ ਨਗਰੀ ਅਯੋਧਿਆ ਦੇ ਰਾਮ ਲੀਲਾ ਮੈਦਾਨ ਵਿੱਚ ਸਤਿਗੁਰੂ ਦਾ ਜਿਵੇਂ ਹੀ ਆਗਮਨ ਹੋਇਆ, ਚਾਰੇ ਪਾਸੇ ਭਗਤੀਮਈ ਵਾਤਾਵਰਣ ਬਣ ਗਿਆ। ਇੰਝ ਲਗ ਰਿਹਾ ਸੀ ਕਿ ਜਿਵੇਂ ਚਾਰੋਂ ਪਾਸੇ ਸ਼ਰਧਾਲੂਆਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੋਵੇ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ ਕਿਹਾ ਕਿ ਅੱਜ ਇਥੇ ਭਗਤਾਂ ਦਾ ਅਜਿਹਾ ਉਤਸਾਹ ਵੇਖਣ ਨੂੰ ਮਿਲ ਰਿਹਾ ਹੈ ਕਿ ਵਿਸ਼ਾਲ ਮੈਦਾਨ ਵੀ ਛੋਟਾ ਲਗ ਰਿਹਾ ਹੈ। ਸਿਮਰਨ ਤਾਂ ਅਸੀਂ ਘਰ ਵਿੱਚ ਵੀ ਕਰ ਲੈਂਦੇ ਹਾਂ ਪਰ ਅਸਲ ਵਿੱਚ ਮੁਬਾਰਕ ਦੇ ਪਾਤਰ ਉਹੀ ਹੁੰਦੇ ਹਨ ਜੋ ਸਤਿਸੰਗ ਵਿੱਚ ਆ ਕੇ ਬ੍ਰਹਮਗਿਆਨੀਆਂ ਦਾ ਸੰਗ ਕਰਕੇ ਅਪਣੀ ਪਹਿਚਾਣ ਕਰ ਲੈਂਦੇ ਹਨ। ਸੰਸਾਰ ਵਿੱਚ ਸਭ ਦੀਆਂ ਆਸਥਾਵਾਂ ਅਲਗ-ਅਲਗ ਹਨ ਪਰੰਤੂ ਧਰਮ, ਅਧਿਆਤਮਿਕਤਾ ਮਾਨਵ ਨੂੰ ਮਾਨਵ ਨਾਲ ਜੋੜਨ ਦਾ ਮਾਧਿਅਮ ਹੈ। ਜਦੋਂ ਤੱਕ ਸਾਡੇ ਅੰਦਰ ਸਮਦ੍ਰਿਸ਼ਟੀ ਅਤੇ ਹੋਰ ਮਾਨਵੀ ਗੁਣ ਨਹੀਂ ਹੋਣਗੇ, ਅਸੀਂ ਗੁਰੂਆਂ ਦੀ ਗੱਲ ਨਹੀਂ ਮੰਨ ਸਕਾਂਗੇ।

ਇਕ ਟੀਚਰ ਦਾ ਉਦਾਹਰਣ ਹੈ ਕਿ ਉਸਨੇ ਬੱਚਿਆਂ ਨੂੰ ਕੌਫੀ ਪਿਲਾਉਣ ਦੇ ਲਈ ਘਰ ਬੁਲਾਇਆ ਅਤੇ ਉਨ੍ਹਾਂ ਦੇ ਸਾਹਮਣੇ ਅਲਗ-ਅਲਗ ਧਾਤੂ ਅਰਥਾਤ ਸਟੀਲ, ਕੱਚ, ਐਲੂਮੀਨੀਅਮ ਆਦਿ ਦੇ ਗਿਲਾਸ ਰੱਖ ਦਿੱਤੇ। ਬੱਚੇ ਮਨਪਸੰਦ ਗਿਲਾਸ ਲੈਣ ਦੀ ਹੋੜ ਵਿੱਚ ਧੱਕਾ-ਮੁੱਕੀ ਕਰਨ ਲਗੇ। ਉਨ੍ਹਾਂ ਨੇ ਪੂਰਾ ਧਿਆਨ ਗਿਲਾਸ ਤੇ ਲਗਾਇਆ ਅਤੇ ਕੌਫੀ ਨੂੰ ਭੁੱਲ ਗਏ। ਕਿਧਰੇ ਅਸੀਂ ਵੀ ਉਹੀ ਗਲਤੀ ਤਾਂ ਨਹੀਂ ਕਰ ਰਹੇ ਕਿ ਜਿਸ ਮੂਲ ਪ੍ਰਮਾਤਮਾ ਦੀ ਪਹਿਚਾਨ ਕਰਨੀ ਸੀ ਉਹ ਅਸੀ ਕੀਤੀ ਹੀ ਨਹੀਂ। ਜਦੋਂ ਇਕ ਦੀ ਪਹਿਚਾਣ ਹੋ ਜਾਂਦੀ ਹੈ, ਉਦੋਂ ਸਭ ਭਟਕਣ ਵਾਲੀ ਵਸਤੂਆਂ ਦੂਰ ਹੋ ਜਾਂਦੀਆਂ ਹਨ। ਚੋਣ ਸਾਡੀ ਹੈ ਕਿ ਅਸੀਂ ਕੀ ਚੋਣ ਕਰਨੀ ਹੈ।

**ਆਪ ਨੇ ਕਿਹਾ ਕਿ ਬੁਰੀਆਂ ਭਾਵਨਾਵਾਂ ਦੀ ਚਿੰਗਾਰੀ ਸਾਡਾ ਵੀ ਨੁਕਸਾਨ ਕਰੇਗੀ ਅਤੇ ਸਾਹਮਣੇ ਵਾਲਿਆਂ ਦਾ ਵੀ। ਸਭ ਵਿੱਚ ਪੰਜ ਤੱਤ ਇਕੋ ਜਿਹੇ ਹਨ। ਬ੍ਰਹਮਗਿਆਨ ਨਾਲ ਹੀ ਸਮਦ੍ਰਿਸ਼ਟੀ ਆਉਂਦੀ ਹੈ। ਖੂਬਸੂਰਤ ਧਰਤੀ ਨੂੰ ਸੰਵਾਰਨ ਦੀ ਜ਼ਿਮੇਦਾਰੀ ਵੀ ਸਾਡੇ ਤੇ ਹੈ। ਜੇਕਰ ਅਸੀਂ ਆਪਣਾ ਜੀਵਨ ਮਾਨਵੀ ਗੁਣਾਂ ਨਾਲ ਸੁੰਦਰ ਬਣਾ ਲਵਾਂਗੇ ਤਾਂ ਕੋਈ ਸਾਨੂੰ ਨਜ਼ਰਅੰਦਾਜ਼ ਨਹੀਂ ਕਰ ਸਕੇਗਾ। ਆਪਣੇ ਕਰਮ ਐਨੇ ਖੂਬਸੂਰਤ ਬਣਾਓ ਕਿ ਸਾਡੇ ਜੀਵਨ ਵਿੱਚ ਰਾਮਰਾਜ ਸਥਾਪਿਤ ਹੋ ਜਾਵੇ ਅਤੇ ਸਾਡਾ ਆਪਣਾ, ਸਮਾਜ, ਦੇਸ਼, ਵਿਸ਼ਵ ਦਾ ਭਲਾ ਹੋ ਜਾਵੇ।**

ਸਮਾਰੋਹ ਵਿੱਚ ਖੇਤਰ ਦੇ ਕਈ ਸੀਨੀਅਰ ਨਾਗਰਿਕਾਂ ਨੇ ਪਹੁੰਚ ਕੇ ਸਤਿਗੁਰੂ ਮਾਤਾ ਜੀ ਦਾ ਸਵਾਗਤ ਕੀਤਾ। ਕਈ ਬੁਲਾਰਿਆਂ, ਗੀਤਕਾਰਾਂ ਅਤੇ ਕਵੀਆਂ ਨੇ ਆਪਣੇ ਭਾਵ ਪੇਸ਼ ਕੀਤੇ। ਬੁਲਾਰਿਆ ਵਿੱਚ ਸ਼੍ਰੀ ਮਾਨਿਕ ਚੰਦ ਤਿਵਾਰੀ (ਜ਼ੋਨਲ ਇੰਚਾਰਜ, ਜੌਨਪੁਰ), ਸ਼੍ਰੀ ਸੁਰਿੰਦਰ ਯਾਦਵ (ਵਾਰਾਣਸੀ), ਡਾ. ਪੁਸ਼ਪਿੰਦਰ 'ਅਸਥਾਨਾ', ਸ਼੍ਰੀ ਜੈਪ੍ਰਕਾਸ਼ (ਆਜ਼ਮਗੜ੍ਹ), ਸ਼੍ਰੀ ਹਰਭਜਨ (ਬਲੀਆ), ਭੈਣ ਨਿਸ਼ਾ ਅਤੇ ਭਾਰਤ, ਭੈਣ ਰੀਆ ਐਂਡ ਸਾਥੀ (ਫੈਜ਼ਾਬਾਦ), ਸ਼੍ਰੀ ਆਰ.ਕੇ.ਖਿਲੌਣਾ (ਕਾਨਪੁਰ) ਆਦਿ ਮੁੱਖ ਸਨ। ਸ਼੍ਰੀ ਰਾਜੀਵ ਤਿਵਾਰੀ (ਸੰਯੋਜਕ, ਫੈਜ਼ਾਬਾਦ), ਅਤੇ ਸ਼੍ਰੀ ਰਾਮਜੀ ਭਾਰਤੀ (ਜ਼ੋਨਲ ਇੰਚਾਰਜ, ਆਜ਼ਮਗੜ੍ਹ) ਨੇ ਧੰਨਵਾਦ ਪ੍ਰਗਟ ਕੀਤਾ।

ਅਗਲੇ ਦਿਨ ਅਯੋਧਿਆ ਦੇ ਸਤਿਸੰਗ ਭਵਨ ਤੇ ਸੰਗਤਾਂ ਨੂੰ ਦੋਬਾਰਾ ਸਤਿਗੁਰੂ ਦਰਸ਼ਨ ਅਤੇ ਨਮਸਕਾਰ ਦਾ ਸੁਭਾਗ ਪ੍ਰਾਪਤ ਹੋਇਆ। ਇਥੇ ਸਤਿਗੁਰੂ ਨੇ ਨਿਰੰਕਾਰ ਦਾ ਆਸਰਾ ਲੈਂਦੇ ਹੋਏ ਨਿਸ਼ਕਾਮ ਭਗਤੀ ਦਾ ਜਜ਼ਬਾ ਬਣਾਈ ਰੱਖਣ ਦਾ ਅਸ਼ੀਸ਼ ਪ੍ਰਦਾਨ ਕੀਤਾ। ਇਸਦੇ ਬਾਅਦ ਬਹਿਰਾਈਚ ਜਾਂਦੇ ਹੋਏ ਰਸਤੇ ਵਿੱਚ ਜਾਨਕੀ ਨਗਰ, ਡੀਹ, ਗੋਂਡਾ ਵਿੱਚ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ। ਸੰਤ ਨਿਰੰਕਾਰੀ ਸਤਿਸੰਗ ਭਵਨ, ਚਿਰੈਈਆਟਾਂਡ ਦਾ ਉਦਘਾਟਨ ਵੀ ਹੋਇਆ।

**ਬਹਿਰਾਈਚ (ਉ.ਪ੍ਰ.), 11 ਦਸੰਬਰ।** ਸਰਕਾਰੀ ਇੰਟਰ ਕਾਲਿਜ ਦੇ ਸਾਹਮਣੇ ਗੋਦਘਰ ਮੈਦਾਨ ਵਿੱਚ ਦੈਵੀ ਸਤਿਸੰਗ ਸਮਾਰੋਹ ਆਯੋਜਿਤ ਕੀਤਾ ਗਿਆ। ਧਰਮ-ਪ੍ਰੇਮੀਆਂ ਨੂੰ ਸੱਚ ਦਾ ਸੰਦੇਸ਼ ਪ੍ਰਸਾਰਿਤ ਕਰਦੇ ਹੋਏ ਸਤਿਗੁਰੂ ਮਾਤਾ ਜੀ ਮਹਾਰਾਜ ਨੇ ਕਿਹਾ ਕਿ ਬ੍ਰਹਮਗਿਆਨ ਲੈਣ ਤੋਂ ਪਹਿਲਾਂ ਲਗਦਾ ਹੈ ਕਿ ਮੈਂ ਇਕ ਸ਼ਰੀਰ ਹੀ ਹਾਂ ਪਰ ਪ੍ਰਮਾਤਮਾ ਨੂੰ ਜਾਣ ਕੇ ਸਾਨੂੰ ਆਪਣੀ ਸਹੀ ਪਹਿਚਾਣ ਪ੍ਰਾਪਤ ਹੋ ਜਾਂਦੀ ਹੈ।

ਆਪ ਨੇ ਕਿਹਾ ਕਿ ਅਸੀਂ ਵਾਹ-ਵਾਹੀ ਦੇ ਲਈ ਸਦਕਰਮ ਨਾ ਕਰੀਏ। ਅਪਣੀ ਚੰਗਿਆਈ ਨੂੰ ਬੋਲ-ਬੋਲ ਕੇ ਨਾ ਦਿਖਾਈਏ। ਸਾਡੇ ਕਰਮ ਬੋਲਣਗੇ ਤਾਂ ਫਿਰ ਸਾਨੂੰ ਬੋਲਣਾ ਨਹੀਂ ਪਏਗਾ। ਹੋ ਸਕੇ ਤਾਂ ਕਿਸੇ ਦੇ ਹੰਝੂ ਪੂੰਝੋ। ਜਿਵੇਂ ਕੋਈ ਆਦਮੀ ਸੁੰਦਰ ਕੰਮ ਕਰਦਾ ਹੈ ਤਾਂ ਸਾਡਾ ਦਿਲ ਕਰਦਾ ਹੈ ਕਿ ਉਸ ਨੂੰ ਸਲਾਮ ਕਰੀਏ, ਉਸ ਨੂੰ ਗਲੇ ਲਗਾ ਲਈਏ। ਗੁਰਮੱਤ ਦੀ ਸਿੱਖਿਆ ਨੂੰ ਅਸੀਂ ਆਪਣੇ ਗਲੇ ਵਿੱਚ ਗਹਿਣੇ ਦੀ ਤਰ੍ਹਾਂ ਧਾਰਣ ਕਰੀਏ। ਫਿਰ ਸਾਨੂੰ ਕਿਸੇ ਦੇ ਦਿਲ ਵਿੱਚ ਥਾਂ ਬਣਾਉਣ ਦੇ ਲਈ ਕੋਸ਼ਿਸ਼ ਨਹੀ ਕਰਨੀ ਪੈਣੀ। ਹਰ ਗੁਣ ਆਤਮਾ ਨੂੰ ਸਜਾਉਂਦਾ ਹੈ।

ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਆਪਣੇ ਜੀਵਨ ਦੀ ਦਿਸ਼ਾ ਨੂੰ ਕਿਵੇਂ ਤੈਅ ਕਰੀਏ। ਮੈਂ ਆਪਣੀ ਪ੍ਰਗਤੀ ਦੀ ਰਾਹ ਵਿੱਚ ਖੁਦ ਹੀ ਦੀਵਾਰ ਬਣ ਕੇ ਖੜਾ ਹਾਂ। ਸ਼ੁਕਰਾਨੇ ਨਾਲ ਜ਼ਿੰਦਗੀ ਖੂਬਸੂਰਤ ਬਣ ਜਾਂਦੀ ਹੈ। ਇਹੀ ਅਰਦਾਸ ਹੈ ਕਿ ਸਭ ਦੇ ਦਿਲ ਵਿੱਚ ਪ੍ਰਮਾਤਮਾ ਇਵੇਂ ਬਸ ਜਾਵੇ ਕਿ ਫਿਰ ਕਿਧਰੇ ਹੋਰ ਜਾਈਏ ਹੀ ਨਾ।

ਕਈ ਬੁਲਾਰੇ, ਗੀਤਕਾਰਾਂ ਨੇ ਵੀ ਆਪਣੇ ਭਾਵ ਪ੍ਰਗਟ ਕੀਤੇ। ਸਥਾਨਕ ਮੁੱਖੀ ਸ਼੍ਰੀ ਸੀਤਾਰਾਮ ਜਾਇਸਵਾਲ ਅਤੇ ਜ਼ੋਨਲ ਇੰਚਾਰਜ ਸ਼੍ਰੀ ਪ੍ਰਿਤਪਾਲ ਸਿੰਘ (ਪੀਲੀਭੀਤ) ਨੇ ਧੰਨਵਾਦ ਪ੍ਰਗਟ ਕੀਤਾ।

ਬਹਿਰਾਈਚ ਦੇ ਇਲਾਵਾ ਸ਼੍ਰਾਵਸਤੀ, ਸੀਤਾਪੁਰ, ਪੀਲੀਭੀਤ, ਲਖੀਮਪੁਰ ਆਦਿ ਖੇਤਰਾਂ ਅਤੇ ਗੁਆਂਢੀ ਦੇਸ਼ ਨੇਪਾਲ ਦੇ ਕਈ ਹਿੱਸਿਆਂ ਤੋਂ ਵੀ ਸ਼ਰਧਾਲੂਆਂ ਨੇ ਹਿੱਸਾ ਲਿਆ।

**ਲਖੀਮਪੁਰ ਖੀਰੀ (ਉ.ਪ੍ਰ.), 12 ਦਸੰਬਰ।** ਇਥੇ ਨੌਜਵਾਨ ਦੱਤ




ਯੂਨੀਵਰਸਿਟੀ ਵਿੱਚ ਸਤਿਸੰਗ ਸਮਾਰੋਹ ਆਯੋਜਿਤ ਕੀਤਾ ਗਿਆ। ਇਹ ਸ਼ਹਿਰ ਭਾਰਤ-ਨੇਪਾਲ ਦੀ ਸੀਮਾ ਤੇ ਸਥਿਤ ਹੈ ਅਤੇ ਦੁਧਵਾ ਨੈਸ਼ਨਲ ਪਾਰਕ ਦੇ ਲਈ ਵੀ ਮਸ਼ਹੂਰ ਹੈ। ਵਿਸ਼ਾਲ ਜਨਸਮੂਹ ਨੂੰ ਸੰਬੋਧਿਤ ਕਰਦੇ ਹੋਏ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਫਰਮਾਇਆ ਕਿ ਭਗਤੀ ਦੀ ਯਾਤਰਾ



ਭਗਵਾਨ ਨੂੰ ਜਾਣਨ ਦੇ ਬਾਅਦ ਹੀ ਸ਼ੁਰੂ ਹੁੰਦੀ ਹੈ। ਮੌਤ ਦੇ ਬਾਅਦ ਸ਼ਰੀਰ ਖ਼ਤਮ ਹੋ ਜਾਵੇਗਾ, ਇਹੀ ਨਹੀਂ। ਅਸੀਂ ਆਤਮਾਵਾਂ ਹਾਂ ਅਤੇ ਆਤਮਾ ਨੇ ਪ੍ਰਮਾਤਮਾ ਵਿੱਚ ਮਿਲਣਾ ਹੈ।

ਪ੍ਰਮਾਤਮਾ ਦੀ ਪਹਿਚਾਣ ਕਰਕੇ ਬ੍ਰਹਮਗਿਆਨ ਰਾਹੀਂ ਉਸ ਨਾਲ ਰਿਸ਼ਤਾ ਜੋੜਦੇ ਹਾਂ। ਇਸ ਗਿਆਨ ਤੇ ਸਥਿਰ ਰਹਿਣ ਦੇ ਲਈ ਸਤਿਸੰਗ ਕਰਦੇ ਹਾਂ। ਅਪਣੀਆਂ ਭੁੱਲਾਂ ਬਖਸ਼ਵਾਉਣ ਦੇ ਲਈ ਸਿਮਰਨ ਕਰਦੇ ਹਾਂ। ਚਾਹੇ ਕੋਈ ਕਿਸੇ ਵੀ ਪਹਿਰਾਵੇ, ਸੰਸਕ੍ਰਿਤੀ ਆਦਿ ਵਾਲਾ ਹੋਵੇ, ਸਾਰੇ ਪ੍ਰਮਾਤਮਾ ਦੇ ਹੀ ਰੂਪ ਹਨ। ਅਸੀ ਆਪਣੇ ਮਨ ਵਿੱਚ ਦਾਸ ਭਾਵਨਾ ਲੈ ਕੇ ਆਈਏ। ਸੇਵਾ ਕਰਦੇ ਹੋਏ ਮਨ ਵਿੱਚ ਨਿਸ਼ਕਾਮ ਭਾਵ ਹੋਵੇ; ਹੰਕਾਰ ਨਾ ਹੋਵੇ ਕਿ ਅਸੀਂ ਕਿਸੇ ਦੀ ਮਦਦ ਕਰ ਰਹੇ ਹਾਂ। ਸਾਡੀ ਜ਼ਿਮੇਵਾਰੀ ਹੈ ਕਿ ਅਸੀਂ ਵਿਸ਼ਾਲਤਾ ਅਪਨਾਈਏ। ਅਲਗ-ਅਲਗ ਸੁਭਾਵ ਵਾਲੇ ਇਨਸਾਨਾਂ ਦੇ ਨਾਲ ਹੀ ਸਾਡਾ ਵਿਉਹਾਰ ਸਹਿ-ਹੋਂਦ ਵਾਲਾ ਹੋਵੇ। ਅਸੀਂ ਆਪਣੇ ਸ਼ੁਭ ਕਰਮਾਂ ਨਾਲ ਦੂਜਿਆਂ ਦੇ ਦਿਲਾਂ ਤੱਕ ਪਹੁੰਚੀਏ।

ਅਸੀਂ ਆਪਣੀ ਦੁਨੀਆਵੀ ਜ਼ਿਮੇਵਾਰੀਆਂ ਵੀ ਨਿਭਾਉਣੀਆਂ ਹਨ। ਪ੍ਰਮਾਤਮਾ ਦੀ ਇਬਾਦਤ ਦਾ ਰੰਗ ਜਿੰਨਾ ਸਾਡੇ ਤੇ ਚੜੇਗਾ, ਓਨੀ ਜ਼ਿਆਦਾ ਅਸੀਂ ਇਸ 'ਪ੍ਰਭੂ' ਵਰਗੇ ਬਣਾਂਗੇ। ਜਦੋਂ ਅਸੀਂ ਆਪਣੇ ਮਨ ਨੂੰ ਟਿਕਾ ਲਵਾਂਗੇ ਤਾਂ ਜ਼ਿਆਦਾ ਉਥਲ-ਪੁਥਲ ਨਹੀ ਹੋਵੇਗੀ। ਅਸੀਂ ਆਨੰਦ ਦੀ ਅਵਸਥਾ ਵਿੱਚ ਪਹੁੰਚ ਜਾਵਾਂਗੇ ਅਤੇ ਸਾਡਾ ਜੀਵਨ ਸੰਤਾਂ ਦੀ ਤਰ੍ਹਾਂ ਬਣ ਜਾਵੇਗਾ।

ਅਸੀਂ ਪ੍ਰਭੂ ਦਾ ਇਕ ਜਰੀਆ ਬਣ ਕੇ ਸਭ ਦੇ ਚਿਹਰੇ ਤੇ ਖੁਸ਼ੀ ਲਿਆ ਸਕਾਂਗੇ। ਅਸੀ ਸਭ ਦਾ ਜੀਵਨ ਖੁਸ਼ਨੁਮਾ ਬਣਾ ਸਕਾਂਗੇ। ਚਾਹੇ ਪ੍ਰਸਥਿਤੀਆਂ ਕਿਹੋ ਜਿਹੀਆਂ ਵੀ ਹੋਣ, ਭਗਤ ਖੁਸ਼ੀ-ਖੁਸ਼ੀ ਅੱਗੇ ਵੱਧਣ ਦੀ ਰਾਹ ਬਣਾ ਲੈਂਦੇ ਹਨ। ਅਸੀ ਪ੍ਰਭੂ ਨੂੰ ਮਨ ਵਿਚ ਡੁਬੋਏ ਰੱਖੀਏ। ਕਿਸ਼ਤੀ ਦੀ ਤਰ੍ਹਾਂ ਉਪਰ-ਉਪਰ ਤੋਂ ਹੀ ਨਾ ਤੈਰਦੇ ਰਹੀਏ। ਪ੍ਰਮਾਤਮਾ ਦੇ ਰੰਗ ਵਿੱਚ ਰੰਗ ਕੇ, ਪ੍ਰਸਥਿਤੀਆਂ ਨੂੰ ਕਾਲੀਨ ਦੀ ਤਰ੍ਹਾਂ ਪੈਰਾਂ ਦੇ ਹੇਠਾਂ ਰੱਖੀਏ। ਉਨ੍ਹਾਂ ਨੂੰ ਛੱਤ ਨਾ ਬਣਾਓ।

ਇਸ ਅਵਸਰ ਤੇ ਕਈ ਸੀਨੀਅਰ ਵਿਅਕਤੀਆਂ ਨੇ ਸਤਿਗੁਰੂ ਮਾਤਾ ਜੀ ਦਾ ਅਭਿਨੰਦਨ ਕੀਤਾ। ਕਈ



# 2020

Her Holiness Satguru Mata Sudiksha Ji Maharaj

## JANUARY

| SUN | MON | TUE | WED | THU | FRI | SAT |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## FEBRUARY

| SUN | MON | TUE | WED | THU | FRI | SAT |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

## MARCH

| SUN | MON | TUE | WED | THU | FRI | SAT |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## APRIL

| SUN | MON | TUE | WED | THU | FRI | SAT |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## MAY

| SUN | MON | TUE | WED | THU | FRI | SAT |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## JUNE

| SUN | MON | TUE | WED | THU | FRI | SAT |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## JULY

| SUN | MON | TUE | WED | THU | FRI | SAT |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## AUGUST

| SUN | MON | TUE | WED | THU | FRI | SAT |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

## SEPTEMBER

| SUN | MON | TUE | WED | THU | FRI | SAT |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

## OCTOBER

| SUN | MON | TUE | WED | THU | FRI | SAT |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## NOVEMBER

| SUN | MON | TUE | WED | THU | FRI | SAT |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## DECEMBER

| SUN | MON | TUE | WED | THU | FRI | SAT |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## LIST OF HOLIDAYS 2020

**JANUARY**
- 2nd : Guru Govind Singh Jayanti
- 14th : Lohri
- 15th : Pongal, Makar Sankranti
- 26th : Republic Day
- 29th : Vasant Panchami

**FEBRUARY**
- 21st : Maha Shivaratri

**MARCH**
- 10th : Dhulendi (Holi)

**APRIL**
- 2nd : Rama Navami
- 14th : Ambedkar Jayanti
- 24th : Manav Ekta Diwas

**MAY**
- 13th : Samarpan Diwas
- 25th : Ramzan / Eid-ul-Fitar

**JULY**
- 5th : Guru Purnima

**AUGUST**
- 3rd : Raksha Bandhan
- 11th : Janmashtami
- 15th : Independence Day
- 15th : Mukti Parv
- 22nd : Ganesh Chaturthi
- 31st : Onam

**OCTOBER**
- 2nd : Mahatma Gandhi Jayanti
- 25th : Dussehra

**NOVEMBER**
- 14th : Deepavali
- 20th : Chhat Puja
- 30th : Guru Nanak Jayanti

**DECEMBER**
- 25th : Christmas

Printer & Publisher C.L. Gulati, on behalf of Sant Nirankari Mandal (Regd.) Delhi-110009, printed at M.P. Printers, B-220, Phase-II, Noida-201305 (UP) and Published at Sant Nirankari Satsang Bhawan, Sant Nirankari Colony, Delhi-110009, Editor : Sulekh Singh "Sathi" (Honorary), Associate Editor : Kuldeep Kaur
E-Mail : patrika@nirankari.org, Phone : 011- 47660200,Fax: (011) 47660300,27608215, Website : http://www.nirankari.org